# ਅਧਿਆਇ 8

# ਯਾਜਕਾਈ ਦਾ ਪਵਿੱਤਰ ਕੀਤਾ ਜਾਣਾ ਅਤੇ ਡੇਰਾ

ਡੇਰਾ ਤਿਆਰ ਹੋ ਚੁੱਕਿਆ ਸੀ (ਕੂਚ 40), ਅਤੇ ਪਰਮੇਸ਼ੁਰ ਨੇ ਉੱਥੇ ਦਿੱਤੀਆਂ ਜਾਣ ਵਾਲੀਆਂ ਭੇਟਾਂ ਸਬੰਧੀ ਨਿਯਮ ਜਾਰੀ ਕਰ ਦਿੱਤੇ ਸਨ (ਲੇਵੀਆਂ 1—7)। ਯਾਜਕਾਂ ਲਈ ਜਿਨ੍ਹਾਂ ਨੇ ਡੇਰੇ ਵਿਚ ਕੁਰਬਾਨੀਆਂ ਚੜ੍ਹਾਉਣੀਆਂ ਸਨ, ਪਵਿੱਤਰ ਕੀਤੇ ਜਾਣ ਦਾ ਸਮਾਂ ਆ ਪਹੁੰਚਿਆ ਸੀ। ਡੇਰੇ ਨੂੰ ਵੀ ਪਵਿੱਤਰ ਕੀਤੇ ਜਾਣਾ ਸੀ। ''ਪਵਿੱਤਰ'' ਕਰਨ ਤੋਂ ਭਾਵ ''ਪਵਿੱਤਰ ਹੋਣ ਦਾ ਐਲਾਨ ਜਾਂ ਪਵਿੱਤਰ ਕਰਨਾ'' ਹੈ। ਪਰਮੇਸ਼ੁਰ ਦੇ ਲੋਕਾਂ ਦੀ ਸਾਰੀ ਮੰਡਲੀ ਯਾਜਕਾਈ ਅਤੇ ਡੇਰੇ ਦੇ ਪਵਿੱਤਰ ਕੀਤੇ ਜਾਣ ਲਈ ਹਾਜ਼ਰ ਸੀ।

ਅਧਿਆਇ 8 ਅਤੇ 9 ਵਿਚ ਕੂਚ ਵਿਚ ਦੱਸੀ ਕਹਾਣੀ ਅੱਗੇ ਤੁਰਦੀ ਹੈ। ਕੂਚ 28 ਅਤੇ 29 ਵਿਚ ਪਰਮੇਸ਼ੁਰ ਨੇ ਮੂਸਾ ਨੂੰ ਯਾਜਕਾਂ ਵੱਲੋਂ ਪਹਿਨੇ ਜਾਣ ਵਾਲੇ ਵਸਤਰਾਂ ਅਤੇ ਉਨ੍ਹਾਂ ਦੇ ਪਵਿੱਤਰ ਕੀਤੇ ਜਾਣ ਦਾ ਢੰਗ ਦੱਸਦਿਆਂ ਯਾਜਕਾਈ ਦੇ ਸਬੰਧ ਵਿਚ ਨਿਰਦੇਸ਼ ਦਿੱਤੇ। ਉਸ ਨੇ ਮੂਸਾ ਨੂੰ ਯਾਜਕਾਈ ਦੇ ਇਨ੍ਹਾਂ ਵਸਤਰਾਂ ਬਾਰੇ ਦੱਸਿਆ, ''ਅਰ ਤੂੰ ਆਪਣੇ ਭਰਾ ਹਾਰੂਨ ਅਤੇ ਉਹ ਦੇ ਨਾਲ ਉਹ ਦੇ ਪੁੱਤਰਾਂ ਨੂੰ ਏਹ ਪਵਾਈਂ ਅਤੇ ਤੂੰ ਉਨ੍ਹਾਂ ਨੂੰ ਮਸਹ ਕਰੀਂ ਅਤੇ ਉਨ੍ਹਾਂ ਨੂੰ ਥਾਪੀਂ ਅਤੇ ਉਨ੍ਹਾਂ ਨੂੰ ਪਵਿੱਤਰ ਕਰੀਂ ਤਾਂ ਜੋ ਓਹ ਮੇਰੇ ਲਈ ਜਾਜਕਾਈ ਦਾ ਕੰਮ ਕਰਨ'' (ਕੂਚ 28:41)। ਉਸ ਨੇ ਮੂਸਾ ਨੂੰ ਸਮਝਾਇਆ ਕਿ ਪਵਿੱਤਰ ਵਸਤਾਂ ਲਈ ਵਰਤੇ ਜਾਣ ਵਾਲਾ ਮਸਹ ਦਾ ਤੇਲ ਕਿਵੇਂ ਬਨਾਉਣਾ ਹੈ (ਕੂਚ 30:22—33)। ਉਸ ਤੇਲ ਦੇ ਸਬੰਧ ਵਿਚ ਯਹੋਵਾਹ ਨੇ ਆਖਿਆ:

> ਤੂੰ ਉਸ ਨਾਲ ਮੰਡਲੀ ਦੇ ਤੰਬੂ ਨੂੰ ਅਤੇ ਸਾਖੀ ਦੇ ਸੰਦੂਕ ਨੂੰ *ਮਲੀਂ* ਨਾਲੇ ਮੇਜ ਨੂੰ ਅਰ ਉਸ ਦੇ ਸਾਰੇ ਸਮਾਨ ਨੂੰ ਅਤੇ ਸ਼ਮਾਦਾਨ ਨੂੰ ਅਰ ਉਸ ਦੇ ਸਾਰੇ ਸਮਾਨ ਨੂੰ ਅਤੇ ਧੂਪ ਦੀ ਜਗਵੇਦੀ ਨੂੰ ਅਤੇ ਹੋਮ ਦੀ ਬਲੀ ਦੀ ਜਗਵੇਦੀ ਨੂੰ ਅਤੇ ਉਸ ਦੇ ਸਾਰੇ ਸਮਾਨ ਨੂੰ ਅਤੇ ਹੌਦ ਅਰ ਉਸ ਦੀ ਚੌਕੀ ਨੂੰ ਤੂੰ ਉਨ੍ਹਾਂ ਨੂੰ *ਪਵਿੱਤਰ ਕਰੀਂ* ਕਿ ਓਹ ਅੱਤ ਪਵਿੱਤਰ ਹੋਣ ਅਤੇ ਜੋ ਕੁਝ ਉਨ੍ਹਾਂ ਨੂੰ ਲੱਗੇ ਪਵਿੱਤਰ ਹੋਵੇਗਾ ਤਾਂ ਤੂੰ ਹਾਰੂਨ ਅਰ ਉਸ ਦੇ ਪੁੱਤਰਾਂ ਨੂੰ *ਮਸਹ ਕਰ* ਕੇ *ਪਵਿੱਤਰ ਕਰੀਂ* ਤਾਂ ਜੋ ਓਹ ਮੇਰੀ ਜਾਜਕਾਈ ਦੀ ਉਪਾਸਨਾ ਕਰਨ (ਕੂਚ 30:26—30; ਜੋਰ ਦਿੱਤਾ ਗਿਆ ਹ)।

ਕੂਚ 39:1—31 ਦੱਸਦਾ ਹੈ ਕਿ ਯਾਜਕਾਈ ਦੇ ਵਸਤਰ ਕੂਚ 28 ਅਤੇ 29 ਵਿਚ ਦਿੱਤੇ ਨਿਰਦੇਸ਼ਾਂ ਦੇ ਅਨੁਸਾਰ ਬਣਾਏ ਜਾਂਦੇ ਸਨ। ਕੂਚ 40:9—15 ਵਿਚ ਜਦ ਡੇਰਾ ਖੜਾ ਕੀਤਾ ਜਾਣ ਵਾਲਾ ਸੀ ਤਾਂ ਮੂਸਾ ਨੂੰ ਫੇਰ ਤੋਂ ਯਾਜਕਾਈ ਅਤੇ ਡੇਰੇ ਨੂੰ ਪਵਿੱਤਰ ਕੀਤੇ ਜਾਣ ਦਾ ਹੁਕਮ ਮਿਲਿਆ। ਕੂਚ ਦੀ ਕਿਤਾਬ ਡੇਰੇ ਦੇ ਖੜਾ ਕੀਤੇ ਜਾਣ (ਕੂਚ 40:17—33) ਅਤੇ ਇਸ ਉੱਤੇ ਪਰਮੇਸ਼ੁਰ ਦੇ ਉੱਤਰਣ ਦੇ ਵੇਰਵੇ ਨਾਲ ਖ਼ਤਮ ਹੁੰਦੀ ਹੈ ਤਾਂ ਜੋ ਉਸਦੀ ਹਜ਼ੂਰੀ ਆਪਣੇ ਲੋਕਾਂ ਵਿਚ ਰਹੇ (ਕੂਚ 40:34—38)।

ਡੇਰੇ ਦੇ ਵਰਤੇ ਜਾਣ ਤੋਂ ਪਹਿਲਾਂ ਇਸ ਦੇ ਅਹਾਤੇ ਵਿਚ ਦਿੱਤੀਆਂ ਜਾਣ ਵਾਲੀਆਂ ਭੇਟਾਂ ਦੇ ਨਿਯਮਾਂ ਨੂੰ ਸਮਝਿਆ ਜਾਣਾ ਜ਼ਰੂਰੀ ਸੀ। ਇਸ ਕਰਕੇ ਡੇਰੇ ਦੇ ਖੜਾ ਕੀਤਾ ਜਾਣ ਦੇ ਬਾਅਦ ਲੇਵੀਆਂ

1–7 ਵਿਚ ਭੇਟਾਂ ਸਬੰਧੀ ਨਿਯਮ ਦਿੱਤੇ ਗਏ। ਕੂਚ ਵਿਚ ਪਰਮੇਸ਼ੁਰ ਵੱਲੋਂ ਮੂਸਾ ਨੂੰ ਦਿੱਤੀ ਆਗਿਆ ਅਨੁਸਾਰ ਡੇਰਾ ਪਵਿੱਤਰ ਕੀਤੇ ਜਾਣ ਜਾਂ ਅਰਪਿਤ ਕੀਤੇ ਜਾਣ ਦੇ ਨਾਲ ਵਰਤੋਂ ਲਈ ਤਿਆਰ ਹੋ ਜਾਣਾ ਸੀ। ਇਸ ਵਿਚ ਸੇਵਾ ਕਰਨ ਵਾਲੇ ਯਾਜਕਾਂ ਨੂੰ ਵੀ ਪਵਿੱਤਰ ਕੀਤਾ ਜਾਣਾ ਜ਼ਰੂਰੀ ਸੀ। ਲੇਵੀਆਂ 8 ਅਤੇ 9 ਤੋਂ ਪਤਾ ਲਗਦਾ ਹੈ ਕਿ ਇਹ ਪਵਿੱਤਰ ਕੀਤਾ ਜਾਣਾ ਕਿਵੇਂ ਪੂਰਾ ਹੋਇਆ।

ਅਧਿਆਇ 8 ਤੋਂ 10 ਬਾਕੀ ਦੀ ਜ਼ਿਆਦਾਤਰ ਕਿਤਾਬ ਨਾਲੋਂ ਫ਼ਰਕ ਹਨ। ਅਧਿਆਇ 8 ਅਤੇ 9 ਪਵਿੱਤਰ ਕੀਤੇ ਜਾਣ ਦੀ ਕਹਾਣੀ ਦੱਸਦੇ ਹਨ, ਅਧਿਆਇ 10 ਬੇਦੀਨੀ ਦਾ ਵੇਰਵਾ ਦਿੰਦਾ ਹੈ। ਇਹ ਤਿੰਨੇ ਅਧਿਆਇ ਲੇਵੀਆਂ ਦੀ ਪੋਥੀ ਦੇ ਸਾਰੇ ਵੇਰਵੇ ਦੇ ਲਗਭਗ ਹਨ।[1] ਬਾਕੀ ਦੀ ਕਿਤਾਬ ਵਿਚ ਜ਼ਿਆਦਾਤਰ ਕਾਨੂੰਨੀ ਸਮੱਗਰੀ ਹੈ ਜਿਹੜੀ ਇਤਹਾਸ ਵਿਚ ਪਿੱਛੇ ਮੂਸਾ ਉੱਤੇ ਪਰਗਟ ਕੀਤੀ ਗਈ ਸੀ।

## ਪਵਿੱਤਰ ਕੀਤੇ ਜਾਣ ਦੇ ਸਮਾਰੋਹ ਦੀ ਤਿਆਰੀ (8:1-5)

**[1]ਯਹੋਵਾਹ ਮੂਸਾ ਨਾਲ ਬੋਲਿਆ ਕਿ [2]ਹਾਰੂਨ ਅਤੇ ਉਸ ਦੇ ਸਣੇ ਉਸ ਦੇ ਪੁੱਤਰਾਂ ਨੂੰ ਅਤੇ ਲੀੜਿਆਂ ਨੂੰ, ਅਤੇ ਮਸਹ ਕਰਨ ਦੇ ਤੇਲ ਨੂੰ, ਅਤੇ ਪਾਪ ਦੀ ਭੇਟ ਦੇ ਲਈ ਇੱਕ ਬਲਦ ਨੂੰ ਅਤੇ ਦੋਹਾਂ ਛਤ੍ਰਿਆਂ ਨੂੰ ਅਤੇ ਪਤੀਰੀ ਰੋਟੀ ਦੇ ਟੋਕਰੇ ਨੂੰ ਲੈ ਕੇ [3]ਤੂੰ ਸਾਰੀ ਮੰਡਲੀ ਨੂੰ ਮੰਡਲੀ ਦੇ ਡੇਰੇ ਦੇ ਬੂਹੇ ਕੋਲ ਇਕੱਠੀ ਕਰੀਂ [4]ਅਤੇ ਜਿੱਹੀ ਯਹੋਵਾਹ ਨੇ ਆਗਿਆ ਦਿੱਤੀ ਤਿਹਾ ਹੀ ਮੂਸਾ ਨੇ ਕੀਤਾ ਅਤੇ ਮੰਡਲੀ ਦੇ ਡੇਰੇ ਦੇ ਬੂਹੇ ਦੇ ਕੋਲ ਉਹ ਮੰਡਲੀ ਇਕੱਠੀ ਹੋ ਗਈ [5]ਅਤੇ ਮੂਸਾ ਨੇ ਮੰਡਲੀ ਨੂੰ ਆਖਿਆ, ਜਿਹੜੀ ਗੱਲ ਯਹੋਵਾਹ ਨੇ ਕਰਨ ਨੂੰ ਆਖੀ ਸੋ ਇਹ ਹੈ।**

8:1–5 ਯਹੋਵਾਹ ਨੇ ਮੂਸਾ ਨੂੰ ਪਵਿੱਤਰ ਕੀਤੇ ਜਾਣ ਦੇ ਸਮਾਰੋਹ ਦੀਆਂ ਤਿਆਰ ਕਰਨ ਲਈ ਕਿਹਾ। ਥਾਪਣਾ ਦੇ ਲਈ ਕਈ ਚੀਜ਼ਾਂ ਇਕੱਠੀਆਂ ਕੀਤੀਆਂ ਜਾਣੀਆਂ ਜ਼ਰੂਰੀ ਸਨ।

**ਆਇਤਾਂ 1, 2.** ਪਾਠਕ ਪੁੱਛ ਸਕਦੇ ਹਨ, ''ਕਿਹੜੇ ਲੀੜੇ? ਕਿਹੜਾ ਮਸਹ ਦਾ ਤੇਲ? ਕਿਹੜਾ ਬਲਦ? ਕਿਹੜੇ ਲੇਲੇ?'' ਲੇਵੀਆਂ ਦੀ ਪੋਥੀ ਉਨ੍ਹਾਂ ਸਵਾਲਾਂ ਦਾ ਜਵਾਬ ਨਹੀਂ ਦਿੰਦੀ। ਪਰ ਜਿਸ ਕਿਸੇ ਨੇ ਹਾਲ ਹੀ ਵਿਚ ਕੂਚ ਦੀ ਕਿਤਾਬ ਵਿਚ ਪਰਮੇਸ਼ੁਰ ਦੇ ਨਿਰਦੇਸ਼ਾਂ ਨੂੰ ਪੜ੍ਹਿਆ ਹੋਵੇ ਉਹਨੂੰ ਇਹ ਜਵਾਬ ਮਿਲ ਸਕਦੇ ਹਨ ਕਿਉਂ ਜੋ ਆਇਤਾਂ 1 ਅਤੇ 2 ਸਿੱਧੇ ਤੌਰ ਤੇ ਓਸੇ ਨਾਲ ਸਬੰਧਿਤ ਹਨ ਜੋ ਪਰਮੇਸ਼ੁਰ ਨੇ **ਮੂਸਾ** ਨੂੰ ਪਹਿਲਾਂ ਦੱਸਿਆ ਸੀ। **ਲੀੜੇ** ਯਾਜਕਾਈ ਦੇ ਵਸਤਰ ਸਨ, ਖ਼ਾਸਕਰ ਕੂਚ 28 ਵਿਚ ਦਿੱਤੇ ਗਏ ਪ੍ਰਧਾਨ ਯਾਜਕ ਦੇ ਲਿਬਾਸ। (ਇਨ੍ਹਾਂ ਬਸਤਰਾਂ ਦੀ ਬਣਤਰ ਕੂਚ 39 ਵਿਚ ਲਿਖੀ ਗਈ ਹੈ।) **ਮਸਹ ਕਰਨ ਦੇ ਤੇਲ** ਦਾ ਵਰਣਨ ਕੂਚ 30 ਵਿਚ ਕੀਤਾ ਗਿਆ ਹੈ। **ਬਲਦ, ਦੋਹਾਂ ਛਤ੍ਰਿਆਂ ਅਤੇ ਪਤੀਰੀ ਰੋਟੇ ਦੇ ਟੋਕਰੇ** ਨੂੰ ਯਹੋਵਾਹ ਵੱਲੋਂ ਕੂਚ 29:1–3 ਵਿਚ ਜ਼ਰੂਰੀ ਦੱਸਿਆ ਗਿਆ।[2] ਲੇਵੀਆਂ 8 ਅਤੇ 9 ਵਿਚਲੇ ਨਿਰਦੇਸ਼ਾਂ ਦਾ ਕੂਚ ਵਿਚ ਲਿਖੀਆਂ ਗੱਲਾਂ ਦਾ ਨਜ਼ਦੀਕੀ ਸਬੰਧ ਪਾਠਕ ਨੂੰ ਇਹ ਯਾਦ ਦੁਆਉਣ ਦਾ ਕੰਮ ਕਰਦਾ ਹੈ ਕਿ ਤੁਰੇਤ ਪੰਜ ਵੱਖੋ–ਵੱਖ ਕਿਤਾਬਾਂ ਨਹੀਂ ਬਲਕਿ ਪੰਜ ਜਿਲਦਾਂ ਵਾਲੀ ਇੱਕੋ ਕਿਤਾਬ ਹੈ।

**ਆਇਤਾਂ 3-5. ਮੂਸਾ** ਨੂੰ ਯਹੋਵਾਹ ਵੱਲੋਂ ਪਵਿੱਤਰ ਕੀਤੇ ਜਾਣ ਦੇ ਸਮਾਰੋਹ ਦਾ ਇੰਚਾਰਜ ਬਣਨ ਦਾ ਇਖ਼ਤਿਆਰ ਦਿੱਤਾ ਗਿਆ। ਉਸ ਨੇ ਡੇਰੇ ਅਤੇ ਯਾਜਕਾਂ ਨੂੰ ਮਸਹ ਕਰਨਾ ਸੀ, ਅਤੇ ਓਸੇ ਨੇ ਹੀ ਯਾਜਕਾਂ ਨੂੰ ਥਾਪਣ ਨਾਲ ਕੁਰਬਾਨੀਆਂ ਨੂੰ ਜੋੜਨਾ ਸੀ। ਯਾਜਕਾਈ ਦੇ ਪਵਿੱਤਰ ਕੀਤੇ ਜਾਣ ਤੋਂ ਬਾਅਦ ਕੁਰਬਾਨੀਆਂ ਨੂੰ ਸੰਭਾਲਣ ਦਾ ਕੰਮ ਸਿਰਫ਼ ਯਾਜਕਾਂ ਦਾ ਹੀ ਸੀ। ਪਰ ਉਨ੍ਹਾਂ ਦੇ ਪਵਿੱਤਰ ਕੀਤੇ ਜਾਣ ਤੋਂ ਪਹਿਲਾਂ, ਉਨ੍ਹਾਂ ਨੂੰ ਕਿਸੇ ਹੋਰ ਨੇ ਚੜ੍ਹਾਉਣਾ ਸੀ। ਉਹ ਕੋਈ ਹੋਰ, ਖ਼ੁਦਾ ਦਾ ਖ਼ਾਸ ਨੁਮਾਇੰਦਾ ਮੂਸਾ ਹੀ ਸੀ (ਵੇਖੋ 8:16, 20, 21)।[3]

ਮੂਸਾ ਨੂੰ ਡੇਰੇ ਦੇ ਸਾਹਮਣੇ **ਸਾਰੀ ਮੰਡਲੀ ਨੂੰ**[4] **ਇਕੱਠੀ** ਕਰਨ ਦਾ ਹੁਕਮ ਸੀ (8:3)। ਪਵਿੱਤਰ ਕੀਤੇ ਜਾਣ ਦੇ ਸਮਾਰੋਹਾਂ ਵਿਚ ਪਰਮੇਸ਼ੁਰ ਦੇ ਸਭ ਲੋਕਾਂ ਨੇ ਸ਼ਾਮਿਲ ਹੋਣਾ ਸੀ। ਉਨ੍ਹਾਂ ਲਈ ਯਾਜਕਾਈ ਅਤੇ ਡੇਰੇ ਦੀਆਂ ਰਸਮਾਂ ਵਿਚ ਸਰਗਰਮ ਯੋਗਦਾਨ ਦੇਣ ਵਾਲੇ ਵਜੋਂ ਆਪਣੇ ਆਪ ਨੂੰ ਵੇਖਣਾ ਜ਼ਰੂਰੀ ਸੀ। ਉਹ ਸਿਰਫ਼ ਬਾਹਰੀ ਜਾਂ ਦਰਸ਼ਕ ਨਹੀਂ ਸਨ। ਡੇਰਾ ਉਨ੍ਹਾਂ ਦਾ ਪਵਿੱਤਰ ਅਸਥਾਨ ਸੀ ਅਤੇ ਯਾਜਕ ਉਨ੍ਹਾਂ ਦੇ ਨੁਮਾਇੰਦੇ ਸਨ।

8:4 ਵਿਚ ਇਕ ਜਾਣਿਆ ਪਛਾਣਿਆ ਵਿਸ਼ਾ ਫੇਰ ਤੋਂ ਮਿਲਦਾ ਹੈ। **ਜਿੱਹੀ ਯਹੋਵਾਹ ਨੇ ਆਗਿਆ ਦਿੱਤੀ ਤਿਹਾ ਹੀ ਮੂਸਾ ਨੇ ਕੀਤਾ।** ਜਦ ਲੋਕ ਇਕੱਠੇ ਹੋਏ ਸਨ ਤਾਂ **ਮੂਸਾ** ਨੇ ਉਨ੍ਹਾਂ ਸਾਹਮਣੇ ਉਨ੍ਹਾਂ ਹਦਾਇਤਾਂ ਨੂੰ ਦੁਹਰਾਇਆ ਜਿਹੜੀਆਂ ਉਸ ਨੂੰ **ਯਹੋਵਾਹ** ਕੋਲੋਂ ਮਿਲੀਆਂ ਸਨ (8:5)। ਇਸ ਕਰਕੇ ਉਸ ਦੇ ਬਾਅਦ ਜੋ ਹੋਇਆ ਉਹ ਸਮਾਰੋਹ ਦਾ ਵੇਰਵਾ ਹੈ ਜਿਸ ਨੂੰ ਖ਼ੁਦਾ ਨੇ ਆਪ ਨਿਰਧਾਰਿਤ ਕੀਤਾ ਸੀ।

## ਹਾਰੂਨ ਨੂੰ ਪ੍ਰਧਾਨ ਯਾਜਕ ਵਾਲੇ ਕੱਪੜੇ ਪੁਆਉਣਾ (8:6-9)

**6ਅਤੇ ਮੂਸਾ ਨੇ ਹਾਰੂਨ ਅਤੇ ਉਸ ਦੇ ਪੁੱਤਰਾਂ ਨੂੰ ਲਿਆ ਕੇ ਪਾਣੀ ਨਾਲ ਧੋਤਾ 7ਅਤੇ ਉਸ ਨੇ**
**ਉਸ ਦੇ ਉੱਤੇ ਕੁੜਤਾ ਪਾਇਆ ਅਤੇ ਉਸ ਨੇ ਪਟਕੇ ਨਾਲ ਉਸ ਦਾ ਲੱਕ ਬੰਨ੍ਹਿਆ ਅਤੇ ਚੋਗਾ ਉਸ**
**ਨੂੰ ਪਹਿਰਾਇਆ ਅਤੇ ਉਸ ਦੇ ਉੱਤੇ ਏਫ਼ੋਦ ਪਾਇਆ ਏਫ਼ੋਦ ਦੇ ਸੋਹਣੇ ਪਟਕੇ ਨਾਲ ਉਸ ਦਾ ਲੱਕ**
**ਬੰਨ੍ਹਿਆ ਅਤੇ ਉਸ ਦੇ ਨਾਲ ਉਸ ਨੂੰ ਕੱਸਿਆ 8ਅਤੇ ਉਸ ਨੇ ਉਸ ਦੇ ਉੱਤੇ ਚਪੜਾਸ ਰੱਖੀ ਨਾਲੇ ਉਸ**
**ਨੇ ਚਪੜਾਸ ਵਿੱਚ ਊਰੀਮ ਅਤੇ ਤੁੰਮੀਮ ਨੂੰ ਰੱਖਿਆ 9ਅਤੇ ਉਸ ਨੇ ਅਮਾਮੇ ਨੂੰ ਉਸ ਦੇ ਸਿਰ ਉੱਤੇ**
**ਰੱਖਿਆ ਨਾਲੇ ਅਮਾਮੇ ਦੇ ਉੱਤੇ ਅਰਥਾਤ ਉਸ ਦੇ ਮੱਥੇ ਦੇ ਉੱਤੇ ਉਸ ਨੇ ਸੋਨੇ ਦੀ ਪੱਤ੍ਰੀ ਅਤੇ ਪਵਿੱਤਰ**
**ਅਮਾਮਾ ਪਾਇਆ ਜਿਹੀ ਯਹੋਵਾਹ ਨੇ ਮੂਸਾ ਨੂੰ ਆਗਿਆ ਦਿੱਤੀ ਸੀ।**

ਪਵਿੱਤਰ ਕੀਤੇ ਜਾਣ ਦੀ ਪ੍ਰਕਿਰਿਆ ਵਿਚ ਪਹਿਲਾ ਕਦਮ ਵਿਚ ਪ੍ਰਧਾਨ ਯਾਜਕ ਹਾਰੂਨ ਨੂੰ ਖ਼ਾਸ ਲਿਬਾਸ ਪੁਆਉਣਾ ਸੀ।

**ਆਇਤ 6. ਮੂਸਾ** ਨੇ **ਹਾਰੂਨ ਅਤੇ ਉਸ ਦੇ ਪੁੱਤਰਾਂ** ਨਾਦਾਬ, ਅਬੀਹੂ, ਅਲਆਜ਼ਾਰ ਅਤੇ ਈਥਾਮਾਰ ਨੂੰ ਸੱਦਿਆ (ਕੂਚ 28:1)। ਪਹਿਲਾਂ ਉਸ ਨੇ ਉਨ੍ਹਾਂ ਨੂੰ **ਪਾਣੀ ਨਾਲ ਧੋਤਾ**, ਬੇਸ਼ੱਕ_ਪਾਣੀ ਡੇਰੇ ਦੇ ਅਹਾਤੇ ਵਿਚਲੀ ਹੌਦੀ ਦਾ ਵਰਤਿਆ ਗਿਆ, ਜਿਵੇਂ ਯਹੋਵਾਹ ਨੇ ਪਹਿਲਾਂ ਹੁਕਮ ਦਿੱਤਾ ਸੀ (ਕੂਚ 29:4)। ਉਨ੍ਹਾਂ ਦਾ ਧੋਤਾ ਜਾਣ ਉਨ੍ਹਾਂ ਦੇ ਪਾਪ ਤੋਂ ਸ਼ੁੱਧ ਕੀਤੇ ਜਾਣ ਦਾ ਪ੍ਰਤੀਕ ਸੀ। ਇਸ ਕਾਰਜ ਅਤੇ ਇਹਦੇ ਬਾਅਦ ਦੇ ਕਈ ਕਾਰਜਾਂ ਦੇ ਰਾਹੀਂ ਇਹ ਜ਼ੋਰ ਦਿੱਤਾ ਗਿਆ ਕਿ ਯਾਜਕ ਜਿਹੜੇ ਲੋਕਾਂ ਦੇ ਪਾਪਾਂ ਨਾਲ ਸਬੰਧਿਤ ਸਮਾਰੋਹਾਂ ਦੀ ਪ੍ਰਧਾਨਗੀ ਕਰਦੇ ਸਨ, ਉਨ੍ਹਾਂ ਲਈ ਪਹਿਲਾਂ ਆਪਣੇ ਪਾਪ ਮਾਫ਼ ਕਰਵਾਉਣਾ ਜ਼ਰੂਰੀ ਸਨ।

**ਆਇਤਾਂ 7-9.** ਵਿਰਤਾਂਤ ਦਾ ਫ਼ੋਕਸ ''ਹਾਰੂਨ ਅਤੇ ਉਸ ਦੇ ਪੁੱਤਰਾਂ'' ਤੋਂ ਹਟ ਕੇ ਪ੍ਰਧਾਨ ਯਾਜਕ ਹਾਰੂਨ ਉੱਤੇ ਹੋ ਜਾਂਦਾ ਹੈ। ਵਚਨ ਦੱਸਦਾ ਹੈ ਕਿ ਮੂਸਾ ਨੇ **ਉਸ ਦੇ ਉੱਤੇ ਕੁੜਤਾ ਪਾਇਆ,** ਨਾ ਕਿ ''ਉਨ੍ਹਾਂ'' ਉੱਤੇ। ਪੈਰ੍ਹੇ ਦਾ ਬਾਕੀ ਦਾ ਹਿੱਸਾ ਦੱਸਦਾ ਹੈ ਕਿ ਮੂਸਾ ਨੇ ਹਾਰੂਨ ਨੂੰ ਪ੍ਰਧਾਨ ਯਾਜਕ ਵਾਲਾ ਲਿਬਾਸ ਕਿਵੇਂ ਪਹਿਨਾਇਆ।[5] ''ਕੁੜਤਾ'' ਇਕ ਸੂਤੀ ਕੱਪੜਾ (ਹੇਠਾਂ ਪਾਉਣ ਵਾਲਾ) ਸੀ, ਜਿਹੋ ਜਿਹਾ ਸਾਰੇ ਯਾਜਕ ਪਾਉਂਦੇ ਸਨ (8:13; ਕੂਚ 28:39; 39:27)। **ਪਟਕਾ** ਮਹੀਨ ਵਟਵੇਂ ਸੂਤ ਦੇ ਬਣੇ ਕੱਪੜੇ ਦੀ ਇਕ ਵਿਥ ਹੁੰਦੀ ਸੀ। ਇਸ ਨੂੰ ਪੇਟੀ ਜਾਂ ਬੈਲਟ ਦੇ ਰੂਪ ਵਿਚ ਵਰਤਿਆ ਜਾਂਦਾ ਸੀ (ਕੂਚ 28:39; 39:29)।

**ਚੋਗਾ** ਪ੍ਰਧਾਨ ਯਾਜਕ ਵੱਲੋਂ ਆਪਣੀ ਪਦਵੀ ਦੇ ਸੰਕੇਤ ਵਜੋਂ ਆਪਣੇ ਕੁੜਤੇ ਦੇ ਉੱਤੋਂ ਦੀ

ਪਾਇਆ ਜਾਂਦਾ ਸੀ। ਇਹ ਵਧੀਆ ਕੱਪੜੇ ਦਾ ਅਤੇ ਅਣਸੀਤਾ ਭਾਵ ਕੱਪੜੇ ਦਾ ਅਣਸਿਲਿਆ ਟੋਟਾ ਹੁੰਦਾ ਸੀ (ਕੂਚ 28:31–35; 39:22–26)।[6]

**ਏਫ਼ੋਦ**[7] ਇਕ ਕੱਪੜਾ ਜਿਸ ਨੂੰ ਆਮ ਤੌਰ ਤੇ ਬਨੈਣ ਜਾਂ ਏਪਰਨ ਵਰਗੀ ਕੋਈ ਚੀਜ਼ ਮੰਨਿਆ ਜਾਂਦਾ ਹੈ। ਆਪਣੇ ਕਵਚ ਨਾਲ ਇਹ ਪ੍ਰਧਾਨ ਯਾਜਕ ਦੀ ਪਛਾਣ ਕਰਵਾਉਂਦਾ ਕੱਪੜੇ ਦੀ ਸਭ ਤੋਂ ਧਿਆਨ ਖਿਚਵੀਂ ਚੀਜ਼ ਸੀ। ਕਵਚ ਨੂੰ ਪੱਥਰਾਂ ਨਾਲ ਸਜਾਇਆ ਜਾਂਦਾ ਸੀ ਜਿਨ੍ਹਾਂ ਉੱਤੇ ਇਸਰਾਏਲ ਦੇ ਬਾਰਾਂ ਗੋਤਰਾਂ ਦੇ ਨਾਂਅ ਉੱਕਰੇ ਹੋਏ ਹੁੰਦੇ ਸਨ। ਪ੍ਰਤੀਕ ਵਜੋਂ ਇਹ ਇਸ ਤੱਥ ਦੀ ਤਸਦੀਕ ਕਰਦਾ ਸੀ ਕਿ ਇਹ ਪ੍ਰਧਾਨ ਯਾਜਕ, ਪਵਿੱਤਰ ਅਸਥਾਨ ਅਤੇ ਅੱਤ ਪਵਿੱਤਰ ਅਸਥਾਨ ਵਿਚ ਦਾਖਲ ਹੋਣ ਵੇਲੇ ਪੂਰੀ ਕੌਮ ਨੂੰ ਆਪਣੇ ਨਾਲ ਲੈਂਦਾ ਸੀ। ਉਹ ਸਾਰੇ ਇਸਰਾਏਲ ਦਾ ਨੁਮਾਇੰਦਾ ਸੀ (ਕੂਚ 28:6–14; 39:2–7)। ਸਾਫ਼ ਹੈ ਕਿ **ਏਫ਼ੋਦ ਦਾ ਸੋਹਣਾ ਪਟਕਾ** ਉਹ ਪਟਕਾ ਸੀ ਜਿਹੜਾ ਏਫ਼ੋਦ ਨੂੰ ਟਿਕਾਈ ਰੱਖਦਾ ਸੀ। ਕੂਚ 28:8 ਵਿਚ ਇਸ ਨੂੰ ''ਕਾਰੀਗਰੀ ਨਾਲ ਕੱਢਿਆ ਹੋਇਆ ਪਟਕਾ'' ਕਿਹਾ ਗਿਆ ਹੈ। ਬਰੂਚ ਏ. ਲੇਵਾਇਨ ਨੇ ਲੇਵੀਆਂ 8:7 ਦਾ ਅਨੁਵਾਦ ਇਸ ਤਰ੍ਹਾਂ ਕੀਤਾ ਹੈ: ''ਅਤੇ ਉਸ ਉੱਤੇ ਏਫ਼ੋਦ ਨੂੰ ਰੱਖਿਆ, ਉਸ ਨੂੰ ਸਜਾਵਟੀ ਪਟਕੇ ਨਾਲ ਬੰਨ੍ਹਦਿਆਂ ਜਿਸ ਨਾਲ ਉਸ ਨੇ ਉਸ ਨੂੰ ਬੰਨ੍ਹਿਆ ਸੀ।''[8]

**ਚਪੜਾਸ** (ਮੂਲ ਵਿਚ ''ਥੈਲੀ'') ਪ੍ਰਧਾਨ ਯਾਜਕ ਦੇ ਏਫ਼ੋਦ ਨਾਲ ਲੱਗਾ ਕੱਪੜੇ ਦੀ ਥੈਲੀ ਵਰਗਾ ਕੁਝ ਸੀ। ਇਹ ਚੌਰਸ ਥੈਲੀ ਓਸੇ ਚੀਜ਼ ਦੀ ਬਣੀ ਹੁੰਦੀ ਸੀ ਜਿਸ ਦਾ ਏਫ਼ੋਦ ਬਣਿਆ ਹੁੰਦਾ ਸੀ ਅਤੇ ਇਸ ਨੂੰ ਕੀਮਤੀ ਪੱਥਰਾਂ ਦੇ ਨਾਲ ਸਜਾਇਆ ਜਾਂਦਾ ਸੀ (ਕੂਚ 28:15–29; 39:8–21)।

**ਊਰੀਮ ਅਤੇ ਤੁੰਮੀਮ**[9] ''ਚਪੜਾਸ'' ਵਿਚ ਰੱਖੇ ਹੁੰਦੇ ਸਨ ਅਤੇ ਇਹ ਸੰਭਵ ਤੌਰ ਤੇ ਦੋ ਪੱਥਰ ਸਨ ਜਿਨ੍ਹਾਂ ਨੂੰ (ਪਾਸ਼ੇ ਦੀ ਜੋੜੀ ਵਾਂਗ) ਕਿਸੇ ਸਵਾਲ ਦਾ ਜਵਾਬ ਪਾਉਣ ਲਈ ਸੁੱਟਿਆ ਜਾ ਸਕਦਾ ਸੀ। ਜਵਾਬ ਸਕਾਰਾਤਮਕ ਹੋਵੇ ਜਾਂ ਨਕਾਰਾਤਮਕ ਜਾਂ ਨਿਰਪੱਖ, ਇਹ ਮੰਨਿਆ ਜਾਂਦਾ ਸੀ (ਜਿੰਨੀ ਦੇਰ ਤਕ ਪ੍ਰਧਾਨ ਯਾਜਕ ਵੱਲੋਂ ਊਰੀਮ ਅਤੇ ਤੁੰਮੀਮ ਨੂੰ ਸਹੀ ਤਰੀਕੇ ਨਾਲ ਵਰਤਿਆ ਜਾਵੇ) ਕਿ ਜਵਾਬ ਖ਼ੁਦਾ ਦੀ ਤਰਫ਼ੋਂ ਆਇਆ ਹੈ (ਕੂਚ 28:30)।

**ਅਮਾਮਾ** ਸਿਰ ਦੇ ਦੁਆਲੇ ਲਵੇਟਿਆ ''ਮਹੀਨ ਸੂਤੀ'' ਕੱਪੜੇ ਦਾ ਬਣਿਆ ਹੁੰਦਾ ਸੀ। ਅਮਾਮਾ ਸਿਰਫ਼ ਪ੍ਰਧਾਨ ਯਾਜਕ ਹੀ ਪਹਿਨਦਾ ਸੀ; ਬਾਕੀ ਦੇ ਯਾਜਕ ''ਪੱਗਾਂ'' ਪਹਿਨਦੇ ਸਨ (8:13; ਕੂਚ 28:39; 39:28)। **ਸੋਨੇ ਦੀ ਪੱਤ੍ਰੀ** ਜਾਂ **ਪਵਿੱਤਰ ਅਮਾਮਾ** ਸੋਨੇ ਦਾ ਪੱਤਰਾ ਹੁੰਦਾ ਸੀ ਜਿਸ ਉੱਤੇ ''ਯਹੋਵਾਹ ਲਈ ਪਵਿੱਤਰਤਾਈ'' ਸ਼ਬਦ ਉੱਕਰੇ ਹੁੰਦੇ ਸਨ। ਇਹ ਪ੍ਰਧਾਨ ਯਾਜਕ ਵੱਲੋਂ ਪਹਿਨੇ ਜਾਣ ਵਾਲੇ ਅਮਾਮੇ ਦੇ ਅਗਲੇ ਪਾਸੇ ਲੱਗਾ ਹੁੰਦਾ ਸੀ (ਕੂਚ 28:36–38; 39:30, 31)।

ਪ੍ਰਧਾਨ ਯਾਜਕ ਵੱਲੋਂ ਪਾਈ ਜਾਣ ਵਾਲੀ ਪੋਸ਼ਾਕ ਰੋਅਬਦਾਰ ਹੁੰਦੀ ਸੀ। ਇਹ ਲੋਕਾਂ ਨੂੰ ਹੈਰਾਨ ਕਰਨ ਲਈ ਸੀ; ਇਹ ''ਪ੍ਰਤਾਪ ਅਤੇ ਸੁਹੱਪਣ ਲਈ'' ਬਣਾਈ ਗਈ ਸੀ (ਕੂਚ 28:2)। ਕਿਉਂ? ਪ੍ਰਧਾਨ ਯਾਜਕ ਯਹੋਵਾਹ ਪਰਮੇਸ਼ੁਰ ਦੀ ਨੁਮਾਇੰਦਗੀ ਕਰਦਾ ਸੀ ਅਤੇ ਉਹ ਉਸ ਸਭ ਤੋਂ ਅਹਿਮ ਕੰਮ ਵਿਚ ਜਿਸ ਦੀ ਕਲਪਨਾ ਕੀਤੀ ਜਾ ਸਕਦੀ ਹੈ ਲੱਗਾ ਹੁੰਦਾ ਸੀ। ਉਸ ਦੀ ਪੁਸ਼ਾਕ ਤੋਂ ਉਸ ਵੱਲੋਂ ਕੀਤੇ ਕੰਮ ਦੀ ਅਹਿਮੀਅਤ ਦੀ ਅਤੇ ਖ਼ੁਦਾ ਦੀ ਮਹਾਨਤਾ ਦੀ ਜਿਸ ਦੀ ਉਹ ਨੁਮਾਇੰਦਗੀ ਕਰਦਾ ਸੀ, ਝਲਕ ਮਿਲਦੀ ਸੀ।

## ਡੇਰੇ ਅਤੇ ਯਾਜਕਾਂ ਦਾ ਮਸਹ ਕੀਤਾ ਜਾਣਾ (8:10-13)

**10ਅਤੇ ਮੂਸਾ ਨੇ ਮਸਹ ਕਰਨ ਦਾ ਤੇਲ ਲਿਆ ਅਤੇ ਡੇਹਰੇ ਨੂੰ ਅਤੇ ਜੋ ਕੁਝ ਉਸ ਵਿੱਚ ਸੀ ਤੇਲ**
**ਪਾਕੇ ਪਵਿੱਤਰ ਕੀਤਾ 11ਅਤੇ ਉਸ ਤੋਂ ਲੈ ਕੇ ਜਗਵੇਦੀ ਨੂੰ ਸੱਤ ਵੇਰੀ ਛਿੜਕਿਆ ਅਤੇ ਜਗਵੇਦੀ ਨੂੰ**

**ਅਤੇ ਉਸ ਦੇ ਸਾਰੇ ਵਲੇਵੇਂ ਨੂੰ ਅਤੇ ਉਸ ਦਾ ਚੁਬੱਚਾ ਅਤੇ ਉਸ ਦੀ ਚੌਂਕੀ ਨੂੰ ਉਨ੍ਹਾਂ ਦੇ ਪਵਿੱਤਰ ਕਰਨ ਲਈ ਤੇਲ ਲਾਇਆ [12]ਅਤੇ ਉਸ ਨੇ ਮਸਹ ਕਰਨ ਦਾ ਤੇਲ ਹਾਰੂਨ ਦੇ ਸਿਰ ਉੱਤੇ ਚੁਆ ਕੇ ਉਸ ਨੂੰ ਪਵਿੱਤਰ ਕਰਨ ਲਈ ਮਸਹ ਕੀਤਾ [13]ਅਤੇ ਮੂਸਾ ਨੇ ਹਾਰੂਨ ਦੇ ਪੁੱਤਰਾਂ ਨੂੰ ਲਿਆ ਕੇ ਉਨ੍ਹਾਂ ਨੂੰ ਕੁੜਤੇ ਪਹਰਾਏ, ਉਨ੍ਹਾਂ ਦੇ ਲੱਕ ਪਟਕਿਆਂ ਨਾਲ ਬੰਨ੍ਹੇ ਅਤੇ ਉਨ੍ਹਾਂ ਨੂੰ ਪੱਗਾਂ ਬੰਨ੍ਹਾਈਆਂ ਜਿਹਾ ਯਹੋਵਾਹ ਨੇ ਮੂਸਾ ਨੂੰ ਆਗਿਆ ਦਿੱਤੀ ਸੀ।**

ਹਾਰੂਨ ਦੇ ਪ੍ਰਧਾਨ ਯਾਜਕ ਵਾਲਾ ਲਿਬਾਸ ਪਾ ਲਏ ਜਾਣ ਤੇ ਥਾਪੇ ਜਾਣ ਵਾਲਾ ਕੰਮ ਪੂਰਾ ਹੋ ਗਿਆ। ‘‘ਮਸਹ ਕਰਨ ਦਾ ਤੇਲ’’ ਪਵਿੱਤਰ ਕੀਤੇ ਜਾਣ ਦੇ ਸਮਾਰੋਹਾਂ ਵਿਚ ਵਰਤਿਆ ਜਾਂਦਾ ਸੀ।

**ਆਇਤਾਂ 10, 11. ਮੂਸਾ** ਨੇ ਪਹਿਲਾਂ, **ਡੇਹਰੇ** ਅਤੇ ਇਸ ਵਿਚਲੀਆਂ ਚੀਜ਼ਾਂ ਉੱਤੇ ਤੇਲ **ਪਾਇਆ**। ਹੋਮ ਬਲੀ ਦੀ **ਜਗਵੇਦੀ**, **ਉਸ ਦੇ ਸਾਰੇ ਵਲੇਵੇਂ**, ਅਤੇ **ਉਸ ਦਾ ਚੁਬੱਚਾ ਅਤੇ ਉਸ ਦੀ ਚੌਂਕੀ** ਸਣੇ ਡੇਰੇ ਨਾਲ ਜੁੜੀਆਂ ਸਭ ਚੀਜ਼ਾਂ ਨੂੰ ਉਨ੍ਹਾਂ ਦੇ ਪਵਿੱਤਰ ਕੀਤੇ ਜਾਣ ਲਈ ਮਸਹ ਕੀਤਾ ਜਾਣਾ ਜ਼ਰੂਰੀ ਸੀ। (ਜਗਵੇਦੀ ਅਤੇ ਚੁਬੱਚਾ ਡੇਰੇ ਦੇ ਬਾਹਰਵਾਰ ਅਹਾਤੇ ਵਿਚ ਸਨ।) ਮੂਸਾ ਨੇ ਜਗਵੇਦੀ ਨੂੰ **ਸੱਤ ਵੇਰੀ** ਮਸਹ ਕੀਤਾ। ‘‘ਸੱਤ’’ ਸੰਪੂਰਣ ਜਾਂ ਪੂਰਾ ਅੰਕ ਹੈ। ਇਸ ਕਰਕੇ ਵੇਦੀ ਨੂੰ ਪੂਰੀ ਤਰ੍ਹਾਂ ਨਾਲ ਜਾਂ ਚੰਗੀ ਤਰ੍ਹਾਂ ਨਾਲ ਮਸਹ ਕੀਤਾ ਗਿਆ। ਅਸਲ ਵਿਚ ਇਸ ਮਸਹ ਕੀਤੇ ਜਾਣ ਨਾਲ ‘‘ਡੇਰਾ ਅਤੇ ਇਸ ਦਾ ਸਾਰਾ ਸਮਾਨ ਅਤੇ ਬਰਤਨ ਯਹੋਵਾਹ ਦੀ ਸੇਵਾ ਲਈ ਅੱਡ ਕੀਤੇ ਗਏ।’’[10]

**ਆਇਤਾਂ 12, 13.** ਇਸ ਤੋਂ ਬਾਅਦ ਪ੍ਰਧਾਨ ਯਾਜਕ ਹਾਰੂਨ ਨੂੰ **ਮਸਹ** ਕੀਤਾ ਗਿਆ। ਇਸ ਤਰ੍ਹਾਂ ਨਾਲ ਉਸ ਨੂੰ ਅਧਿਕਾਰਿਕ ਤੌਰ ਤੇ ਯਹੋਵਾਹ ਦੀ ਸੇਵਾ ਲਈ ਅਰਪਿਤ ਕੀਤਾ ਗਿਆ।

ਇਸ ਅਧਿਆਇ ਵਿਚ ਦੱਸੇ ਗਏ ਸਮਾਰੋਹ ਤੇ ਹੋਈਆਂ ਗੱਲਾਂ ਲਈ ਕੁਝ ਮੁੱਖ ਸ਼ਬਦ ਵਰਤੇ ਗਏ ਹਨ। ਕੂਚ 28:41 ਵਿਚ ਮੂਸਾ ਨੂੰ ਹਾਰੂਨ ਅਤੇ ਉਸ ਦੇ ਪੁੱਤਰਾਂ ਦੇ ਸਬੰਧ ਵਿਚ ਆਗਿਆ ਮਿਲੀ ਸੀ, ‘‘ਤੂੰ ਉਨ੍ਹਾਂ ਨੂੰ *ਮਸਹ* ਕਰੀਂ ਅਤੇ ਉਨ੍ਹਾਂ ਨੂੰ *ਥਾਪੀਂ* ਅਤੇ ਉਨ੍ਹਾਂ ਨੂੰ *ਪਵਿੱਤਰ ਕਰੀਂ* ਤਾਂ ਜੋ ਓਹ ਮੇਰੇ ਲਈ ਜਾਜਕਾਈ ਦਾ ਕੰਮ ਕਰਨ’’ (ਜ਼ੋਰ ਦਿੱਤਾ ਗਿਆ ਹੈ)। ਪੁਰਾਣੇ ਨੇਮ ਵਿਚ ‘‘ਮਸਹ’’ (*mashach*, *ਮਾਸ਼ਾਕ*) ਕਿਸੇ ਵਿਅਕਤੀ (ਆਮ ਤੌਰ ਤੇ ਉਸ ਦੇ ਸਿਰ ਤੇ) ਜਾਂ ਕਿਸੇ ਵਸਤੁ ਉੱਤੇ ਤੇਲ ਜਾਂ ਕੋਈ ਹੋਰ ਚੀਜ਼ ਲਾਉਣ ਨੂੰ ਕਿਹਾ ਗਿਆ ਹੈ। ਅਜਿਹਾ ਉਸ ਵਿਅਕਤੀ ਜਾਂ ਵਸਤੁ ਨੂੰ ਕਿਸੇ ਖ਼ਾਸ ਮਕਸਦ ਲਈ ਵਰਤੇ ਜਾਣ ਵਾਸਤੇ ਅੱਡ ਕਰਨ ਲਈ ਕੀਤਾ ਜਾਂਦਾ ਸੀ। ‘‘ਥਾਪੀਂ’’ (ਇਬਰਾਨੀ ਵਾਕ ਅੰਸ਼ ਤੋਂ ਅਨੁਵਾਦ ਹੋਇਆ ਜਿਸ ਦਾ ਮੂਲ ਅਰਥ ‘‘ਉਨ੍ਹਾਂ ਦੇ ਹੱਥ ਭਰੀਂ’’ ਹੈ) ਸ਼ਬਦ ਕਿਸੇ ਖ਼ਾਸ ਕੰਮ ਜਾਂ ਅਹੁਦੇ ਲਈ ਕਿਸੇ ਨੂੰ ਅਧਿਕਾਰਿਕ ਤੌਰ ਤੇ ਨਿਯੁਕਤ ਕਰਨ ਦਾ ਸੰਕੇਤ ਦਿੰਦਾ ਹੈ। ਇੱਥੇ ‘‘ਪਵਿੱਤਰ ਕਰੀਂ’’ (*qadash*, *ਕਾਦਾਸ਼*) ਦਾ ਸਬੰਧ ਕਿਸੇ ਦੇ ਕਿਸੇ ਪਵਿੱਤਰ ਅਹੁਦੇ ਲਈ ਨਿਯੁਕਤ ਕੀਤੇ ਜਾਣ ਨਾਲ ਹੈ; ਜਿਸ ਨੂੰ ‘‘ਯਹੋਵਾਹ ਲਈ ਪਵਿੱਤਰ ਕੀਤਾ’’ ਜਾਂਦਾ ਹੈ ਉਸ ਨੂੰ ਯਹੋਵਾਹ ਵੱਲੋਂ ਆਪਣੀ ਸੇਵਾ ਲਈ ਵਰਤੇ ਜਾਣ ਵਾਸਤੇ ਅੱਡ ਕੀਤਾ ਜਾਂਦਾ ਹੈ।[11]

ਇਸ ਤੋਂ ਬਾਅਦ, **ਹਾਰੂਨ ਦੇ ਪੁੱਤਰਾਂ** ਜੋ ਕਿ ਇਹ ਮੰਨਿਆ ਜਾਂਦਾ ਹੈ ਕਿ ਚਾਰਾਂ ਨੂੰ ਉਹ ਲਿਬਾਸ **ਪਹਰਾਏ** ਜਿਹੜੇ ਸਾਰੇ ਯਾਜਕਾਂ ਲਈ ਆਮ ਸਨ। ਉਨ੍ਹਾਂ ਨੂੰ ਯਾਜਕਾਂ ਵਾਲੇ **ਕੁੜਤੇ ਪੁਆਏ ਗਏ, ਉਨ੍ਹਾਂ ਦੇ ਲੱਕ ਪਟਕਿਆਂ ਨਾਲ ਬੰਨ੍ਹੇ ਗਏ ਅਤੇ ਉਨ੍ਹਾਂ ਨੂੰ ਪੱਗਾਂ ਬਨ੍ਹਾਈਆਂ** ਗਈਆਂ (ਵੇਖੋ ਕੂਚ 28:40)।[12]

## ਪਵਿੱਤਰ ਕੀਤੇ ਜਾਣ ਦਾ ਸਮਾਰੋਹ (8:14-30)

ਇਸ ਤੋਂ ਬਾਅਦ ਹੋਣ ਵਾਲੇ ਪਵਿੱਤਰ ਕੀਤੇ ਜਾਣ ਦੇ ਸਮਾਰੋਹ ਵਿਚ ਕੁਰਬਾਨੀਆਂ ਦਿੱਤੇ ਜਾਣਾ ਅਤੇ ਯਾਜਕਾਂ ਦਾ ਦੂਜੀ ਵਾਰ ਮਸਹ ਕੀਤਾ ਜਾਣਾ ਹੁੰਦਾ ਸੀ। ਯਾਜਕਾਂ ਦੇ ਪਵਿੱਤਰ ਕੀਤੇ ਜਾਣ ਦੀ ਪ੍ਰਕਿਰਿਆ ਵਿਚ ਤਿੰਨ ਕੁਰਬਾਨੀਆਂ ਦਿੱਤੀਆਂ ਜਾਂਦੀਆਂ ਸਨ: ਪਾਪ ਦੀ ਭੇਟ ਲਈ ਇਕ ਬਲਦ

(8: 14–17), ਹੋਮ ਦੀ ਭੇਟ ਲਈ ਇਕ ਛੱਤ੍ਰਾ (8: 18–21), ਅਤੇ ''ਥਾਪਣ ਦੀ ਭੇਟ'' ਲਈ ਇਕ ਹੋਰ ਛੱਤ੍ਰਾ (8: 22–29)। ਇਨ੍ਹਾਂ ਕੁਰਬਾਨੀਆਂ ਵਿਚ ਲੇਵੀਆਂ 1–7 ਵਿਚ ਦੱਸੀਆਂ ਪਹਿਲੀਆਂ ਚਾਰ ਕੁਰਬਾਨੀਆਂ ਹੀ ਸਨ। ਅਧਿਆਇ 4 ਵਿਚਲੀ ਪਾਪ ਦੀ ਭੇਟ ਅਤੇ ਅਧਿਆਇ 1 ਵਿਚਲੀ ਹੋਮ ਦੀ ਭੇਟ ਦੀ ਅਧਿਆਇ 8 ਦੀਆਂ ਭੇਟਾਂ ਨਾਲ ਸਮਾਨਤਾ ਸਾਫ਼ ਹੈ; ਅਤੇ ''ਥਾਪਣ ਦੀ ਭੇਟ'' ਵਿਚ ਅਧਿਆਇ 3 ਵਾਲੀਆਂ ''ਸੁਖ ਸਾਂਦ ਦੀਆਂ ਭੇਟਾਂ'' ਅਤੇ ਅਧਿਆਇ 2 ਵਾਲੀਆਂ ''ਮੈਦੇ ਦੀਆਂ ਭੇਟਾਂ'' ਵਾਲੀਆਂ ਖੂਬੀਆਂ ਹੀ ਹਨ। ਇਹ ਭੇਟਾਂ ਥਾਪੇ ਜਾਣ ਦੇ ਸਮਾਰੋਹ ਦਾ ਹਿੱਸਾ ਸਨ ਇਸ ਕਰਕੇ ਡੇਰੇ ਅਤੇ ਯਾਜਕਾਂ ਦੇ ਪਵਿੱਤਰ ਕੀਤੇ ਜਾਣ ਤੋਂ ਪਹਿਲਾਂ ਲੇਵੀਆਂ 1–7 ਵਿਚਲੇ ਨਿਰਦੇਸ਼ ਦਿੱਤੇ ਜਾਣੇ ਜ਼ਰੂਰੀ ਸਨ।

ਇਨ੍ਹਾਂ ਸਭ ਭੇਟਾਂ ਦੀ ਲੋੜ ਕਿਉਂ ਸੀ? ਸ਼ਾਇਦ ਇਹ ਯਾਜਕਾਂ ਦੇ ਪਵਿੱਤਰ ਕੀਤੇ ਜਾਣ ਦੇ ਪ੍ਰਤੀ ਕਦਮਾਂ ਨੂੰ ਦਰਸਾਉਣ ਲਈ ਸਨ। (1) ਯਾਜਕਾਂ ਨੂੰ ਮਾਫ਼ ਕੀਤਾ ਜਾਣਾ ਭਾਵ ਸ਼ੁੱਧ ਕੀਤਾ ਜਾਣਾ ਜ਼ਰੂਰੀ ਸੀ। ਇਹ ਸ਼ੁੱਧ ਕੀਤਾ ਜਾਣਾ ਪਾਪ ਦੀ ਭੇਟ ਦੇ ਰਾਹੀਂ ਹੀ ਹੁੰਦਾ ਸੀ। (2) ਉਨ੍ਹਾਂ ਦਾ ਯਹੋਵਾਹ ਨੂੰ ਪੂਰੀ ਤਰ੍ਹਾਂ ਨਾਲ ਅਰਪਿਤ ਕੀਤਾ ਜਾਣਾ ਜ਼ਰੂਰੀ ਸੀ ਅਤੇ ਉਨ੍ਹਾਂ ਦੇ ਅਰਪਣ ਨੂੰ ਹੋਮ ਦੀ ਭੇਟ ਨਾਲ ਦਰਸਾਇਆ ਜਾਂਦਾ ਸੀ। (3) ਉਨ੍ਹਾਂ ਨੂੰ ਖ਼ਾਸ ਤੌਰ ਤੇ ਇਕ ਖ਼ਾਸ ਕੰਮ ਕਰਨ ਲਈ ਪਵਿੱਤਰ ਜਾਂ ਅੱਡ ਕੀਤਾ ਜਾਂਦਾ ਸੀ; ਅਤੇ ਉਹ ਮਕਸਦ ''ਥਾਪਣ ਦੀ ਭੇਟ'' ਦੇ ਰਾਹੀਂ ਹਾਸਲ ਹੁੰਦਾ ਸੀ।

### **ਪਾਪ ਬਲੀ ਵਜੋਂ ਬਲਦ ਦੀ ਕੁਰਬਾਨੀ** (8: 14-17)

**14ਅਤੇ ਉਹ ਪਾਪ ਦੀ ਭੇਟ ਲਈ ਬਲਦ ਨੂੰ ਲੈ ਆਇਆ ਅਤੇ ਹਾਰੂਨ ਅਤੇ ਉਸ ਦੇ ਪੁੱਤਰਾਂ ਨੇ ਪਾਪ ਦੀ ਭੇਟ ਬਲਦ ਦੇ ਸਿਰ ਉੱਤੇ ਆਪਣੇ ਹੱਥ ਧਰੇ 15ਅਤੇ ਉਸ ਨੇ ਉਸ ਨੂੰ ਕੱਟਿਆ ਅਤੇ ਮੂਸਾ ਨੇ ਉਸ ਦਾ ਲਹੂ ਲੈ ਕੇ ਜਗਵੇਦੀ ਦੇ ਸਿੰਙਾਂ ਉੱਤੇ ਆਪਣੀ ਉਂਗਲ ਨਾਲ ਚੁਫੇਰੇ ਲਾਇਆ ਅਤੇ ਜਗਵੇਦੀ ਨੂੰ ਸ਼ੁੱਧ ਕੀਤਾ ਅਤੇ ਜਗਵੇਦੀ ਦੇ ਹੇਠ ਲਹੂ ਨੂੰ ਡੋਹਲਕੇ ਉਸ ਦੇ ਲਈ ਪ੍ਰਾਸਚਿਤ ਕਰਕੇ ਉਸ ਨੂੰ ਪਵਿੱਤਰ ਕੀਤਾ 16ਅਤੇ ਜਿਹੜੀਆਂ ਆਂਦ੍ਰਾਂ ਦੇ ਉੱਤੇ ਸਾਰੀ ਚਰਬੀ ਅਤੇ ਕਲੇਜੇ ਦੇ ਉੱਤੇ ਝਿੱਲੀ ਅਤੇ ਦੋਵੇਂ ਗੁਰਦੇ ਅਤੇ ਉਨ੍ਹਾਂ ਦੀ ਚਰਬੀ ਲੈ ਕੇ ਮੂਸਾ ਨੇ ਉਸ ਨੂੰ ਜਗਵੇਦੀ ਉੱਤੇ ਸਾੜਿਆ 17ਪਰ ਬਲਦ ਅਤੇ ਉਸ ਦੀ ਖੱਲ ਉਸ ਦਾ ਮਾਸ ਅਤੇ ਉਸ ਦਾ ਗੋਹਾ ਉਸ ਨੇ ਡੇਰੇ ਤੋਂ ਬਾਹਰ ਅੱਗ ਨਾਲ ਸਾੜਿਆ ਜੇਹਾ ਯਹੋਵਾਹ ਨੇ ਮੂਸਾ ਨੂੰ ਆਗਿਆ ਦਿੱਤੀ ਸੀ।**

ਪਾਪ ਦੀ ਭੇਟ ਵਜੋਂ ਬਲਦ ਦੀ ਕੁਰਬਾਨੀ ਦੇ ਨਾਲ ਭੇਟਾਂ ਦੀ ਸ਼ੁਰੂਆਤ ਹੁੰਦੀ ਸੀ।

**ਆਇਤਾਂ 14-17. ਬਲਦ** ਨੂੰ ਲੇਵੀਆਂ ਦੀ ਪੋਥੀ ਵਿਚ ਪਹਿਲਾਂ ਦਿੱਤੇ **ਪਾਪ ਦੀ ਭੇਟ** ਦੇ ਨਿਯਮਾਂ ਅਨੁਸਾਰ ਬਲੀ ਕੀਤਾ ਜਾਂਦਾ ਸੀ। ਮੂਸਾ ਬਲਦ ਲੈ ਕੇ ਆਇਆ। ਆਪਣੇ ਪਾਪ ਉਸ ਉੱਤੇ ਧਰਣ ਦੇ ਪਰਤੀਕ ਵਜੋਂ **ਹਾਰੂਨ ਅਤੇ ਉਸ ਦੇ ਪੁੱਤਰਾਂ ਨੇ ਪਾਪ ਦੀ ਭੇਟ** ਦੇ **ਸਿਰ ਉੱਤੇ ਆਪਣੇ ਹੱਥ ਧਰੇ** (8: 14)। ਮੂਸਾ ਨੇ ਬਲਦ ਨੂੰ **ਕੱਟਿਆ**; ਫਿਰ ਉਸ ਨੇ ਇਸ ਦਾ ਕੁਝ **ਲਹੂ** ਹੋਮ ਬਲੀ ਦੀ **ਜਗਵੇਦੀ ਦੇ ਸਿੰਙਾਂ ਉੱਤੇ ਲਾਇਆ**। ਅਜਿਹਾ ਕਰਕੇ ਉਸ ਨੇ **ਜਗਵੇਦੀ ਨੂੰ ਸ਼ੁੱਧ ਕੀਤਾ**, **ਉਸ ਦੇ ਲਈ ਪ੍ਰਾਸਚਿਤ** ਕੀਤਾ ਅਤੇ **ਉਸ ਨੂੰ ਪਵਿੱਤਰ ਕੀਤਾ** (8: 15)। ਉਸ ਸਾਧਨ ਵਜੋਂ ਵਰਤੇ ਜਾਣ ਤੋਂ ਪਹਿਲਾਂ ਜਿਸ ਦੇ ਰਾਹੀਂ ਪਰਮੇਸ਼ੁਰ ਦੇ ਲੋਕਾਂ ਦੇ ਪਾਪ ਮਾਫ਼ ਹੋ ਸਕਦੇ ਸਨ, ਜਗਵੇਦੀ ਨੂੰ ਕਿਸੇ ਵੀ ਤਰ੍ਹਾਂ ਦੀ ਅਸ਼ੁੱਧਤਾ ਤੋਂ ਸ਼ੁੱਧ ਕਰਨ ਲਈ ਪਵਿੱਤਰ ਕੀਤਾ ਜਾਣਾ ਜ਼ਰੂਰੀ ਸੀ। ਪਾਪ ਦੀ ਭੇਟ ਦਾ ਲਹੂ ਜਗਵੇਦੀ ਉੱਤੇ ਲਾਉਣ ਨਾਲ ਹਾਰੂਨ ਅਤੇ ਉਸ ਦੇ ਪੁੱਤਰਾਂ ਲਈ ਪ੍ਰਾਸਚਿਤ ਹੋਣ ਦੇ ਨਾਲ–ਨਾਲ ਇਸ ਉਦੇਸ਼ ਦੀ ਪੂਰਤੀ ਵੀ ਹੋ ਗਈ। ਲਹੂ ਡੋਲ੍ਹ ਦੇਣ ਤੋਂ ਬਾਅਦ ਮੂਸਾ ਨੇ ਬਲਦ ਦੇ **ਚਰਬੀ** ਵਾਲੇ ਹਿੱਸੇ **ਜਗਵੇਦੀ** ਉੱਤੇ ਚੜ੍ਹਾ ਦਿੱਤੇ

(8:16) ਅਤੇ ਨਾ ਵਰਤੇ ਜਾਣ ਵਾਲੇ ਹਿੱਸੇ ਡੇਰੇ ਤੋਂ ਬਾਹਰ **ਅੱਗ** ਵਿਚ ਸਾੜ ਦਿੱਤੇ (8:17)।[13] ਪਾਪ ਦੀ ਭੇਟ ਨੇ ਹੋਣ ਵਾਲੇ ਯਾਜਕਾਂ ਨੂੰ ਉਨ੍ਹਾਂ ਲੋਕਾਂ ਵਿਚ ਬਦਲ ਦਿੱਤਾ ਜਿਨ੍ਹਾਂ ਨੂੰ ਖ਼ੁਦਾ ਆਪਣੀ ਸੇਵਾ ਵਿਚ ਵਰਤ ਸਕਦਾ ਸੀ ਭਾਵ ਉਹ ਲੋਕ ਬਣਾ ਦਿੱਤਾ ਜਿਨ੍ਹਾਂ ਦੇ ਪਾਪ ਸ਼ੁੱਧ ਕੀਤੇ ਗਏ ਸਨ।

### ਹੋਮ ਬਲੀ ਵਜੋਂ ਪਹਿਲੇ ਛੱਤ੍ਰੇ ਦੀ ਭੇਂਟ (8:18-21)

**[18]ਅਤੇ ਉਸ ਹੋਮ ਦੀ ਭੇਟ ਦੇ ਛੱਤ੍ਰੇ ਨੂੰ ਅਰਥਾਤ ਥਾਪਣ ਦੇ ਛੱਤ੍ਰੇ ਨੂੰ ਲਿਆਇਆ ਅਤੇ ਹਾਰੂਨ ਅਤੇ ਉਸ ਦੇ ਪੁੱਤਰਾਂ ਨੇ ਛੱਤ੍ਰੇ ਦੇ ਸਿਰ ਉੱਤੇ ਹੱਥ ਧਰੇ [19]ਅਤੇ ਉਸ ਨੇ ਉਸ ਨੂੰ ਕੱਟਿਆ ਤੇ ਮੂਸਾ ਨੇ ਲਹੂ ਨੂੰ ਜਗਵੇਦੀ ਦੇ ਉੱਤੇ ਚੁਫੇਰ ਛਿਣਕਿਆ [20]ਅਤੇ ਉਸ ਨੇ ਛੱਤ੍ਰੇ ਨੂੰ ਟੋਟੇ ਟੋਟੇ ਕੀਤਾ ਅਤੇ ਮੂਸਾ ਨੇ ਸਿਰ ਨੂੰ ਅਤੇ ਟੋਟਿਆਂ ਨੂੰ ਅਤੇ ਚਰਬੀ ਨੂੰ ਸਾੜਿਆ [21]ਅਤੇ ਉਸ ਨੇ ਆਂਦ੍ਰਾਂ ਅਤੇ ਲੱਤਾਂ ਨੂੰ ਪਾਣੀ ਨਾਲ ਧੋਤਾ ਅਤੇ ਮੂਸਾ ਨੇ ਸਾਰੇ ਛੱਤ੍ਰੇ ਨੂੰ ਜਗਵੇਦੀ ਉੱਤੇ ਸਾੜਿਆ। ਇਹ ਯਹੋਵਾਹ ਦੇ ਅੱਗੇ ਇੱਕ ਅੱਗ ਦੀ ਭੇਟ ਦੀ ਸੁਗੰਧਤਾ ਕਰਕੇ ਹੋਮ ਸੀ ਜੇਹਾ ਯਹੋਵਾਹ ਨੇ ਮੂਸਾ ਨੂੰ ਆਗਿਆ ਦਿੱਤੀ ਸੀ।**

ਪਵਿੱਤਰ ਕੀਤੇ ਜਾਣ ਦੀ ਪ੍ਰਕਿਰਿਆ ਨੂੰ ਪੂਰਾ ਕਰਨ ਲਈ ਲੋੜੀਂਦੀ ਦੂਜੀ ਭੇਟ ਹੋਮ ਬਲੀ ਵਜੋਂ ਛੱਤ੍ਰੇ ਦੀ ਬਲੀ ਸੀ।

**ਆਇਤਾਂ 18-21.** ਪਹਿਲੇ **ਛੱਤ੍ਰੇ** ਦੀ ਬਲੀ ਵਿਚ ਲੇਵੀਆਂ 1 ਵਿਚ ਦੱਸੇ ਹੋਮ ਬਲੀਆਂ ਲਈ ਨਮੂਨੇ ਨੂੰ ਅਪਣਾਇਆ ਗਿਆ। ਛੱਤ੍ਰੇ ਨੂੰ ਮੂਸਾ **ਲਿਆਇਆ** ਅਤੇ ਫਿਰ **ਹਾਰੂਨ ਅਤੇ ਉਸ ਦੇ ਪੁੱਤਰਾਂ ਨੇ** ਉਸ **ਦੇ ਸਿਰ ਉੱਤੇ ਹੱਥ ਧਰੇ** (8:18), ਇਸ ਨੂੰ **ਕੱਟਿਆ** ਗਿਆ ਅਤੇ ਇਸ ਦਾ **ਲਹੂ ਜਗਵੇਦੀ ਦੇ ਉੱਤੇ ਛਿਣਕਿਆ** ਗਿਆ (8:19)। ਫਿਰ **ਛੱਤ੍ਰੇ ਨੂੰ ਟੋਟੇ ਟੋਟੇ ਕੀਤਾ ਗਿਆ** (8:20), ਇਸ ਦੇ ਘੱਟ ਚਾਹੇ ਜਾਣ ਵਾਲੇ ਹਿੱਸਿਆਂ ਨੂੰ **ਪਾਣੀ ਨਾਲ ਧੋਤਾ** ਗਿਆ ਅਤੇ ਬਾਕੀ ਦੇ ਸਾਰੇ ਜਾਨਵਰ ਨੂੰ **ਜਗਵੇਦੀ ਉੱਤੇ** ਸਾੜ ਦਿੱਤਾ ਗਿਆ। ਇਸ ਪ੍ਰਕਿਰਿਆ ਦੇ ਰਾਹੀਂ ਇਹ **ਯਹੋਵਾਹ ਦੇ ਅੱਗੇ ਅੱਗ ਦੀ ਭੇਟ ਦੀ ਸੁਗੰਧਤਾ** ਬਣ ਗਈ (8:21)।

ਸ਼ਾਇਦ, ਜਿਵੇਂ ਪਹਿਲਾਂ ਸੁਝਾਇਆ ਗਿਆ ਹੈ ਕਿ ਹੋਮ ਬਲੀ ਦਾ ਮਕਸਦ ਯਹੋਵਾਹ ਅੱਗੇ ਚੜ੍ਹਾਵਾ ਲਿਆਉਣ ਵਾਲੇ ਦੇ ਸਮਰਪਣ ਨੂੰ ਵਿਖਾਉਂਦਾ ਸੀ। ਹੋਮ ਬਲੀ ਦੇ ਪੂਰੀ ਤਰ੍ਹਾਂ ਨਾਲ ਲਾਟਾਂ ਨਾਲ ਭਸਮ ਹੋ ਜਾਣ ਤੇ, ਇਸ ਨੂੰ ਚੜ੍ਹਾਉਣ ਵਾਲਾ ਵਿਅਕਤੀ ਆਪਣੇ ਆਪ ਨੂੰ ਪੂਰੀ ਤਰ੍ਹਾਂ ਨਾਲ ਪਰਮੇਸ਼ੁਰ ਨੂੰ ਦੇ ਦੇਣ ਦਾ ਪ੍ਰਣ ਲੈਂਦਾ। ਇਸੇ ਤਰ੍ਹਾਂ ਨਾਲ ਯਾਜਕਾਈ ਪਰਮੇਸ਼ੁਰ ਦੀ ਜਾਇਦਾਦ ਬਣ ਗਈ। ਇਕ ਅਰਥ ਵਿਚ ਇਸ ਗੱਲ ਨੂੰ ਸਮਝਦਿਆਂ ਕਿ ਉਹ ਪਰਮੇਸ਼ੁਰ ਦੇ ਲੋਕ ਹਨ, ਯਾਜਕਾਂ ਦੇ ਅੰਦਰ ਸਮਰਪਣ ਦੀ ਭਾਵਨਾ ਹੁੰਦੀ ਸੀ ਜਿਹੜੀ ਉਨ੍ਹਾਂ ਤੋਂ ਪਰਮੇਸ਼ੁਰ ਦੀ ਇੱਛਾ ਦੇ ਅੱਗੇ ਪੂਰੀ ਤਰ੍ਹਾਂ ਨਾਲ ਸਮਰਪਣ ਕਰਾਉਂਦੀ ਸੀ।

### ਥਾਪਣ ਦੀ ਭੇਟ ਵਜੋਂ ਦੂਜੇ ਛੱਤ੍ਰੇ ਦੀ ਬਲੀ (8:22-29)

**[22]ਅਤੇ ਉਹ ਦੂਜੇ ਛੱਤ੍ਰੇ ਨੂੰ ਅਰਥਾਤ ਥਾਪਣ ਦੇ ਛੱਤ੍ਰੇ ਨੂੰ ਲੈ ਆਇਆ ਅਤੇ ਹਾਰੂਨ ਅਤੇ ਉਸ ਦੇ ਪੁੱਤਰਾਂ ਨੇ ਛੱਤ੍ਰੇ ਦੇ ਸਿਰ ਉੱਤੇ ਆਪਣੇ ਹੱਥ ਧਰੇ [23]ਅਤੇ ਉਸ ਨੇ ਉਸ ਨੂੰ ਕੱਟਿਆ ਅਤੇ ਮੂਸਾ ਨੇ ਉਸ ਦੇ ਲਹੂ ਤੋਂ ਕੁਝ ਲੈ ਕੇ ਹਾਰੂਨ ਦੇ ਸੱਜੇ ਕੰਨ ਦੀ ਪਾਪੜੀ ਉੱਤੇ ਅਤੇ ਉਸ ਦੇ ਸੱਜੇ ਹੱਥ ਦੇ ਅੰਗੂਠੇ ਉੱਤੇ ਅਤੇ ਸੱਜੇ ਪੈਰ ਦੇ ਅੰਗੂਠੇ ਉੱਤੇ ਪਾਇਆ [24]ਅਤੇ ਉਸ ਨੇ ਹਾਰੂਨ ਦੇ ਪੁੱਤਰਾਂ ਨੂੰ ਆਂਦਾ ਅਤੇ ਮੂਸਾ ਨੇ ਲਹੂ ਤੋਂ ਉਨ੍ਹਾਂ ਦੇ ਸੱਜੇ ਕੰਨਾਂ ਦੀ ਪਾਪੜੀ ਉੱਤੇ ਅਤੇ ਉਨ੍ਹਾਂ ਦੇ ਸੱਜੇ ਹੱਥਾਂ ਦੇ ਅੰਗੂਠਿਆਂ ਉੱਤੇ ਅਤੇ ਉਨ੍ਹਾਂ ਦੇ ਸੱਜੇ ਪੈਰਾਂ ਦੇ ਅੰਗੂਠਿਆਂ ਉੱਤੇ ਅਤੇ ਮੂਸਾ ਨੇ ਲਹੂ ਨੂੰ ਜਗਵੇਦੀ ਦੇ ਉੱਤੇ ਚੁਫੇਰੇ**

**ਛਿਣਕਿਆ [25]ਅਤੇ ਉਸ ਨੇ ਚਰਬੀ ਨੂੰ ਅਤੇ ਪੂਛ ਨੂੰ ਲੈ ਕੇ ਅਤੇ ਸਾਰੀ ਚਰਬੀ ਜੋ ਆਂਦ੍ਰਾਂ ਦੇ ਉੱਤੇ ਸੀ ਅਤੇ ਕਲੇਜੇ ਦੇ ਉੱਤੇ ਜਿਹੜੀ ਝਿੱਲੀ ਸੀ ਅਤੇ ਦੋਵੇਂ ਗੁਰਦੇ ਅਤੇ ਉਨ੍ਹਾਂ ਦੀ ਚਰਬੀ ਅਤੇ ਸੱਜੀ ਰਾਣ [26]ਅਤੇ ਪਤੀਰੀ ਰੋਟੀ ਦੀ ਟੋਕਰੀ ਵਿੱਚੋਂ ਜਿਹੜੀ ਯਹੋਵਾਹ ਦੇ ਅੱਗੇ ਸੀ ਓਸ ਨੇ ਇੱਕ ਪਤੀਰੀ ਰੋਟੀ ਅਤੇ ਇੱਕ ਤੇਲ ਦੀ ਥਿੰਧੀ ਰੋਟੀ ਅਤੇ ਇੱਕ ਮੱਠੀ ਲੈ ਕੇ ਉਨ੍ਹਾਂ ਨੂੰ ਚਰਬੀ ਉੱਤੇ ਅਤੇ ਸੱਜੀ ਰਾਣ ਉੱਤੇ ਧਰਿਆ [27]ਅਤੇ ਉਸ ਨੇ ਸਾਰਾ ਹਾਰੂਨ ਦੇ ਹੱਥਾਂ ਅਤੇ ਉਸ ਦੇ ਪੁੱਤਰਾਂ ਦੇ ਹੱਥਾਂ ਉੱਤੇ ਰੱਖ ਕੇ ਹਿਲਾਉਣ ਦੀ ਭੇਟ ਕਰਕੇ ਯਹੋਵਾਹ ਦੇ ਅੱਗੇ ਉਨ੍ਹਾਂ ਨੂੰ ਹਿਲਾਇਆ [28]ਅਤੇ ਮੂਸਾ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਹੱਥਾਂ ਤੋਂ ਲੈ ਕੇ ਜਗਵੇਦੀ ਉੱਤੇ ਹੋਮ ਦੀ ਭੇਟ ਦੇ ਉੱਤੇ ਸਾੜਿਆ। ਓਹ ਸੁਗੰਧਤਾ ਕਰਕੇ ਥਾਪਣ ਦੀਆਂ ਭੇਟਾਂ ਸਨ, ਇਹ ਯਹੋਵਾਹਦੇ ਅੱਗੇ ਇੱਕ ਅੱਗ ਦੀ ਭੇਟ ਸੀ [29]ਅਤੇ ਮੂਸਾ ਨੇ ਛਾਤੀ ਨੂੰ ਲੈ ਕੇ ਉਸ ਨੂੰ ਹਿਲਾਉਣ ਦੀ ਭੇਟ ਕਰਕੇ ਯਹੋਵਾਹ ਦੇ ਅੱਗੇ ਹਿਲਾਇਆ ਕਿਉਂ ਜੋ ਥਾਪਣ ਦੇ ਛੱਤ੍ਰੇ ਦਾ ਉਹ ਮੂਸਾ ਦਾ ਭਾਗ ਸੀ ਜਿਹਾ ਯਹੋਵਾਹ ਨੇ ਮੂਸਾ ਨੂੰ ਆਗਿਆ ਦਿੱਤੀ ਸੀ।**

ਯਾਜਕਾਂ ਦੇ ਪਵਿੱਤਰ ਕੀਤੇ ਜਾਣ ਨੂੰ ਪੂਰਾ ਕਰਨ ਲਈ ਇਕ ਤੀਜੀ ਭੇਟ ਅਰਥਾਤ, ਇਕ ਹੋਰ ਛੱਤ੍ਰਾ ਜ਼ਰੂਰੀ ਸੀ।

**ਆਇਤਾਂ 22-29. ਦੂਜੇ ਛੱਤ੍ਰੇ** ਨੂੰ **ਥਾਪਣ ਦੇ ਛੱਤ੍ਰੇ** ਦਾ ਨਾਮ ਦਿੱਤਾ ਗਿਆ ਹੈ। ਇਸ ਦੀ ਬਲੀ ਵਿਚ ਕਈ ਕਦਮਾਂ ਵਾਲੀ ਗੁੰਝਲਦਾਰ ਰਸਮ ਸੀ। ਪਹਿਲਾਂ ਮੂਸਾ ਛੱਤ੍ਰੇ ਨੂੰ **ਲੈ ਕੇ ਆਇਆ** (8:22)। ਇਸ ਸਮਾਰੋਹ ਵਿਚ ਉਸ ਨੇ ਯਾਜਕ ਦੀ ਹੈਸੀਅਤ ਨਾਲ ਕੰਮ ਕੀਤਾ। ਇਸ ਤੋਂ ਬਾਅਦ **ਹਾਰੂਨ ਅਤੇ ਉਸ ਦੇ ਪੁੱਤਰਾਂ ਨੇ ਛੱਤ੍ਰੇ ਦੇ ਸਿਰ ਉੱਤੇ ਆਪਣੇ ਹੱਥ ਧਰੇ** (8:22), ਜੋ ਕਿ ਛੱਤ੍ਰੇ ਦੇ ਉਨ੍ਹਾਂ ਦੀ ਭੇਟ ਵਜੋਂ ਹੋਣ ਦਾ ਦਾਅਵਾ ਅਤੇ ਪ੍ਰਤੀਕ ਵਜੋਂ ਉਨ੍ਹਾਂ ਦੇ ਪਾਪ ਉਸ ਉੱਤੇ ਪਾ ਦੇਣਾ ਸੀ। ਫਿਰ **ਮੂਸਾ ਨੇ** ਛੱਤ੍ਰੇ **ਨੂੰ ਕੱਟਿਆ** (8:23)।

ਪਰਮੇਸ਼ੁਰ ਦੇ ਨਿਰਦੇਸ਼ਾਂ ਦਾ ਪਾਲਣ ਕਰਦਿਆਂ ਮੂਸਾ ਨੇ ਕੁਝ **ਲਹੂ ਹਾਰੂਨ ਦੇ ਸੱਜੇ ਕੰਨ੍ਹ ਦੀ ਪਾਪੜੀ ਉੱਤੇ** ਕੁਝ **ਉਸ ਦੇ ਸੱਜੇ ਹੱਥ ਦੇ ਅੰਗੂਠੇ ਉੱਤੇ ਅਤੇ ਸੱਜੇ ਪੈਰ ਦੇ ਅੰਗੂਠੇ ਉੱਤੇ ਪਾਇਆ** (8:23)। ਇਸ ਤੋਂ ਬਾਅਦ ਉਸ ਨੇ **ਹਾਰੂਨ ਦੇ ਪੁੱਤ੍ਰਾਂ** ਲਈ ਵੀ ਇਵੇਂ ਹੀ ਕੀਤਾ (8:24)। ਇਸ ਰਸਮ ਦੇ ਸਬੰਧ ਵਿਚ ਆਰ. ਕੇ. ਹੈਰਿਸਨ ਨੇ ਇਹ ਫ਼ੈਸਲਾ ਦਿੱਤਾ: ‘‘ਸੰਕੇਤ ਰੂਪ ਵਿਚ ਪੂਰੀ ਦੇਹ ਯਹੋਵਾਹ ਦੀ ਸੇਵਾ ਲਈ ਪਵਿੱਤਰ ਕੀਤੀ ਗਈ ਸੀ, ਅਤੇ ਬਦਖੋਈ ਨੂੰ ਮੰਨਦਿਆਂ ਯਾਜਕ ਉਸ ਪ੍ਰਤੀਕ ਵਿਚ ਪਾਈਆਂ ਜਾਣ ਵਾਲੀਆਂ ਜ਼ਿੰਮੇਵਾਰੀਆਂ ਨੂੰ ਮੰਨ ਲੈਂਦਾ ਸੀ।’’[14] ਜਿਸ ਦਾ ਕੰਨ (ਸ਼ਾਇਦ ਉਸ ਦੇ ਸਿਰ ਨੂੰ ਦਰਸਾਉਂਦਾ), ਅੰਗੂਠਾ (ਮਤਲਬ ਹੱਥ ਦਾ ਅੰਗੂਠਾ) ਅਤੇ ਪੈਰ ਦਾ ਅੰਗੂਠਾ (ਉਸ ਦੇ ਪੈਰ ਨੂੰ ਦਰਸਾਉਂਦਾ) ਯਹੋਵਾਹ ਲਈ ਅਰਪਿਤ ਕੀਤੇ ਜਾਂਦੇ ਸਨ, ਉਹ ਪੂਰੀ ਤਰ੍ਹਾਂ ਨਾਲ ਉਸ ਅੱਗੇ ਅਰਪਿਤ ਹੁੰਦਾ ਸੀ। ਇਸ ਦਾ ਮਤਲਬ ਇਹ ਹੋਇਆ ਕਿ ਆਪਣੇ ਕੰਨਾਂ ਨੂੰ ਪਰਮੇਸ਼ੁਰ ਦੇ ਹੁਕਮਾਂ ਨੂੰ ਸੁਣਨ (ਅਤੇ ਆਪਣੇ ਸਿਰ ਦੇ ਉਨ੍ਹਾਂ ਨੂੰ ਸੁਣਨ ਅਤੇ ਉਨ੍ਹਾਂ ਨੂੰ ਕਰਨ ਦਾ ਸੰਕਲਪ ਲੈਣ), ਆਪਣੇ ਹੱਥਾਂ ਨੂੰ ਪਰਮੇਸ਼ੁਰ ਅਤੇ ਮਨੁੱਖਤਾਈ ਦੀ ਸੇਵਾ ਲਈ, ਅਤੇ ਆਪਣੇ ਪੈਰਾਂ ਨੂੰ ਜਿੱਥੇ ਪਰਮੇਸ਼ੁਰ ਉਸ ਨੂੰ ਜਾਣ ਲਈ ਕਹੇ ਜਾਣ ਲਈ ਵਰਤੇ ਜਾਣ ਦੀ ਜ਼ਿੰਮੇਵਾਰੀ, ਓਸੇ ਦੀ ਹੀ ਸੀ। **ਅਤੇ ਮੂਸਾ ਨੇ ਲਹੂ ਨੂੰ ਜਗਵੇਦੀ ਦੇ ਉੱਤੇ ਚੁਫੇਰੇ ਛਿਣਕਿਆ** (8:24)।

ਇਸ ਤੋਂ ਬਾਅਦ ਮੂਸਾ ਨੇ ਛੱਤ੍ਰੇ ਦੇ **ਚਰਬੀ** ਵਾਲੇ ਹਿੱਸੇ **ਲੈ ਕੇ ਸੱਜੀ ਰਾਣ** ਅਤੇ ਤਿੰਨ ਤਰ੍ਹਾਂ ਦੀਆਂ ਮੈਦੇ ਦੀਆਂ ਭੇਟਾਂ ਨਾਲ ਉਨ੍ਹਾਂ ਨੂੰ **ਹਾਰੂਨ** ਅਤੇ **ਉਸ ਦੇ ਪੁੱਤਰਾਂ** ਨੂੰ ਦੇ ਦਿੱਤਾ ਜਿਨ੍ਹਾਂ ਨੇ ਛੱਤ੍ਰੇ ਦੇ ਇਨ੍ਹਾਂ ਹਿੱਸਿਆਂ ਨੂੰ **ਹਿਲਾਉਣ ਦੀ ਭੇਟ ਕਰਕੇ ਯਹੋਵਾਹ ਦੇ ਅੱਗੇ ਹਿਲਾਇਆ** (8:25–27)। ਉਨ੍ਹਾਂ ਨੇ ਇਹ ਸੰਕੇਤ ਦਿੰਦਿਆਂ ਕਿ ਉਨ੍ਹਾਂ ਨੂੰ ਯਹੋਵਾਹ ਲਈ ਅਰਪਿਤ ਕੀਤਾ ਜਾ ਰਿਹਾ ਹੈ ਇਸ ਕਰਕੇ ਯਹੋਵਾਹ ਅੱਗੇ ਚੜ੍ਹਾਈ ਗਈ ਛੱਤ੍ਰੇ ਦੀ ਕੁਰਬਾਨੀ ਲੋਕਾਂ ਜਾਂ ਮੂਸਾ ਵੱਲੋਂ ਨਹੀਂ ਬਲਕਿ ਉਨ੍ਹਾਂ

ਵੱਲੋਂ ਸੀ ਜਿਹੜੇ ਯਾਜਕ ਬਣਨ ਦੀ ਪ੍ਰਕਿਰਿਆ ਵਿਚ ਸਨ, ਭੇਟ ਦੇ ਇਨ੍ਹਾਂ ਹਿੱਸਿਆਂ ਨੂੰ ਰਸਮੀ ਤੌਰ ਤੇ ''ਹਿਲਾਇਆ'' (ਜਾਂ ਉੱਚਾ ਕੀਤਾ)। ਮੂਸਾ ਨੇ ਹਾਰੂਨ ਤੋਂ ਹਿਲਾਉਣ ਦੀ ਇਸ ਭੇਟ ਤੋਂ ਲੈ ਕੇ ਇਸ ਨੂੰ **ਜਗਵੇਦੀ ਉੱਤੇ** ਸਾੜਿਆ। ਇਹ **ਥਾਪਣ ਦੀਆਂ ਭੇਟਾਂ** ਬਣ ਗਈਆਂ ਜੋ **ਯਹੋਵਾਹ ਦੇ ਅੱਗੇ ਸੁਗੰਧਤਾ ਕਰਕੇ ਇੱਕ ਅੱਗ ਦੀ ਭੇਟ ਸੀ** (8:28)।

ਅਖ਼ੀਰ ਵਿਚ ਮੂਸਾ ਨੇ ਆਪਣੇ ਲਈ ਛੱਤ੍ਰੇ ਦੀ **ਛਾਤੀ** ਲੈ ਕੇ **ਉਸ ਨੂੰ ਹਿਲਾਉਣ ਦੀ ਭੇਟ ਕਰਕੇ ਯਹੋਵਾਹ ਦੇ ਅੱਗੇ ਹਿਲਾਇਆ** (8:29)। ਆਰ. ਲੇਅਰਡ ਹੈਰਿਸ ਸਾਨੂੰ ਯਾਦ ਦੁਆਉਂਦਾ ਹੈ, ''ਆਮ ਤੌਰ ਤੇ ਛਾਤੀ ਨੂੰ ਲੈ ਕੇ ਹਿਲਾਉਣਾ ਚੜ੍ਹਾਵਾ ਲਿਆਉਣ ਵਾਲੇ ਦੀ ਤਰਫ਼ੋਂ ਯਾਜਕਾਂ ਦਾ ਹਿੱਸਾ ਹੁੰਦਾ ਸੀ। ਇੱਥੇ ਮੂਸਾ ਨੇ ਹਾਰੂਨ ਅਤੇ ਉਸ ਦੇ ਪੁੱਤਰਾਂ ਨੂੰ ਪਵਿੱਤਰ ਕਰਨ ਲਈ ਯਾਜਕ ਦਾ ਕੰਮ ਕੀਤਾ।''[15]

### ਹਾਰੂਨ ਅਤੇ ਉਸ ਦੇ ਪੁੱਤਰਾਂ ਦਾ ਤੇਲ ਅਤੇ ਲਹੂ ਨਾਲ ਮਸਹ ਕੀਤਾ ਜਾਣਾ (8:30)

**30ਅਤੇ ਮੂਸਾ ਨੇ ਮਸਹ ਕਰਨ ਦੇ ਤੇਲ ਤੋਂ ਅਤੇ ਉਸ ਲਹੂ ਤੋਂ ਜਿਹੜਾ ਜਗਵੇਦੀ ਉੱਤੇ ਸੀ ਕੁਝ ਲੈ ਕੇ ਹਾਰੂਨ ਅਤੇ ਉਸ ਦੇ ਲੀੜੇ ਅਤੇ ਉਸ ਦੇ ਪੁੱਤਰਾਂ ਅਤੇ ਉਸ ਦੇ ਨਾਲ ਉਸ ਦੇ ਪੁੱਤਰਾਂ ਦੇ ਲੀੜਿਆਂ ਉੱਤੇ ਛਿਣਕਿਆ ਅਤੇ ਹਾਰੂਨ ਅਤੇ ਉਸ ਦੇ ਲੀੜੇ ਅਤੇ ਉਸ ਦੇ ਪੁੱਤਰਾਂ ਅਤੇ ਉਸ ਦੇ ਨਾਲ ਉਸ ਦੇ ਪੁਤ੍ਰਾਂ ਦੇ ਲੀੜਿਆਂ ਨੂੰ ਪਵਿੱਤਰ ਕੀਤਾ।**

ਤਿੰਨ ਭੇਟਾਂ ਤੋਂ ਬਾਅਦ ਸਮਾਰੋਹ ਦੌਰਾਨ ਯਾਜਕਾਂ ਦਾ ਦੂਜਾ ਮਸਹ ਹੁੰਦਾ ਸੀ। (ਪਹਿਲਾ ਮਸਹ 8:10–13 ਵਿਚ ਦੱਸਿਆ ਗਿਆ ਹੈ।)

**ਆਇਤ 30.** ਇਹ ਦੂਜਾ ਮਸਹ ਪਹਿਲੀਆਂ ਤਿੰਨ ਭੇਟਾਂ ਨਾਲੋਂ ਫ਼ਰਕ ਹੈ। (1) ਇਸ ਦੂਜੇ ਹਿੱਸੇ ਵਿਚ **ਮਸਹ ਕਰਨ ਦੇ ਤੇਲ** ਨੂੰ **ਲਹੂ** ਵਿਚ ਮਿਲਾਇਆ ਜਾਂਦਾ ਸੀ;[16] ਪਹਿਲੇ ਵਿਚ ਇਸੇ ਨੂੰ ਹੀ ਵਰਤਿਆ ਜਾਂਦਾ ਸੀ। (2) ਇਸ ਵਾਰ ਤੇਲ ਨੂੰ **ਹਾਰੂਨ ਅਤੇ ਉਸ ਦੇ ਲੀੜੇ ਅਤੇ ਉਸ ਦੇ ਪੁੱਤ੍ਰਾਂ ਉੱਤੇ ਛਿਣਕਿਆ ਜਾਂਦਾ ਸੀ**; ਪਹਿਲੇ ਵਾਲੇ ਮਾਮਲੇ ਵਿਚ ਤੇਲ ਹਾਰੂਨ ਦੇ ਸਿਰ ਉੱਤੇ ਡੋਲ੍ਹਿਆ ਗਿਆ ਸੀ। (3) ਇਹ ਇਸ ਮਸਹ ਵਿਚ ਹਾਰੂਨ ਦੇ **ਪੁੱਤਰਾਂ** ਅਤੇ ਉਨ੍ਹਾਂ ਦੇ **ਲੀੜਿਆਂ** ਨੂੰ ਸ਼ਾਮਿਲ ਕੀਤਾ ਗਿਆ; ਪਿਛਲੇ ਵਿਰਤਾਂਤ ਵਿਚ ਉਨ੍ਹਾਂ ਦੇ ਮਸਹ ਕੀਤੇ ਜਾਣ ਦੀ ਗੱਲ ਨਹੀਂ ਕੀਤੀ ਗਈ ਸੀ।

ਯਾਜਕਾਂ ਦੇ ਇਸ ਮਸਹ ਕੀਤੇ ਜਾਣ ਦਾ ਕੀ ਮਕਸਦ ਸੀ? ਸ਼ਾਇਦ ਪਹਿਲਾ ਮਸਹ ਉਨ੍ਹਾਂ ਨੂੰ ਉਨ੍ਹਾਂ ਭੇਟਾਂ ਦੇ ਨਾਲ ਹੋਣ ਵਾਲੀਆਂ ਭੇਟਾਂ ਅਤੇ ਰਸਮਾਂ ਲਈ ਤਿਆਰ ਕਰਨ ਲਈ ਸੀ, ਜਦ ਕਿ ਦੂਜਾ ਮਸਹ ਇਹ ਤਸਦੀਕ ਕਰਨ ਲਈ ਸੀ ਕਿ ਉਨ੍ਹਾਂ ਰਸਮਾਂ ਨੇ ਆਪਣੇ ਮਕਸਦ ਨੂੰ ਪੂਰਾ ਕਰ ਲਿਆ ਹੈ। ਸਮਾਰੋਹ ਦੇ ਅਖ਼ੀਰ ਵਿਚ, ਮਸਹ ਹੋਣ ਵਾਲਿਆਂ ਨੂੰ ਯਾਜਕਾਂ ਵਜੋਂ ਕਬੂਲਿਆ ਜਾਣਾ ਹੁੰਦਾ ਸੀ।

## ਅਗਲੇ ਸੱਤ ਦਿਨਾਂ ਲਈ ਹਦਾਇਤਾਂ (8:31-36)

**31ਮੂਸਾ ਨੇ ਹਾਰੂਨ ਅਤੇ ਉਸ ਦੇ ਪੁੱਤਰਾਂ ਨੂੰ ਆਖਿਆ, ਮੰਡਲੀ ਦੇ ਡੇਰੇ ਦੇ ਬੂਹੇ ਕੋਲ ਮਾਸ ਰਿੰਨ੍ਹੋ ਅਤੇ ਉੱਥੇ ਥਾਪਣ ਦੀਆਂ ਭੇਟਾਂ ਦੀ ਟੋਕਰੀ ਵਿੱਚ ਜਿਹੜੀ ਰੋਟੀ ਹੈ ਉਸ ਦੇ ਨਾਲ ਉਸ ਨੂੰ ਖਾਓ ਜੇਹਾ ਮੈਂ ਤੁਹਾਨੂੰ ਇਹ ਆਖਕੇ ਆਗਿਆ ਦਿੱਤੀ ਸੀ ਭਈ ਹਾਰੂਨ ਅਤੇ ਉਸ ਦੇ ਪੁੱਤਰ ਉਸ ਨੂੰ ਖਾਣ 32ਅਤੇ ਜੋ ਕੁਝ ਉਸ ਮਾਸ ਤੋਂ ਅਤੇ ਉਸ ਰੋਟੀ ਤੋਂ ਰਹਿੰਦਾ ਹੈ ਸੋ ਤੁਸਾਂ ਅੱਗ ਨਾਲ ਸਾੜਨਾ 33ਅਤੇ ਸੱਤ ਦਿਨ ਤੋੜੀ ਤੁਸਾਂ ਮੰਡਲੀ ਦੇ ਡੇਰੇ ਦੇ ਬੂਹੇ ਤੋਂ ਨਾ ਨਿੱਕਲਨਾ ਜਦ ਤੋੜੀ ਤੇਰੇ ਥਾਪਣ ਦੇ ਦਿਨ ਪੂਰੇ ਨਾ ਹੋਣ ਕਿਉਂ ਜੋ ਸੱਤਾਂ ਦਿਨਾਂ ਵਿੱਚ ਉਹ ਤੁਹਾਨੂੰ ਥਾਪੇਗਾ 34ਜਿਹਾ ਉਸ ਨੇ ਅੱਜ ਦੇ ਦਿਨ ਕੀਤਾ ਤਿਹਾ ਹੀ ਯਹੋਵਾਹ ਨੇ ਆਗਿਆ ਦਿੱਤੀ ਜੋ ਤੁਹਾਡੇ ਲਈ ਪ੍ਰਾਸਚਿਤ ਹੋਵੇ 35ਸੋ ਤੁਸਾਂ ਰਾਤ ਦਿਨ ਸੱਤ ਦਿਨ**

**ਤੋੜੀ ਮੰਡਲੀ ਦੇ ਡੇਰੇ ਦੇ ਬੂਹੇ ਦੇ ਕੋਲ ਰਹਿਣਾ ਅਤੇ ਯਹੋਵਾਹ ਦੀ ਆਗਿਆ ਮੰਨਣੀ ਜੋ ਤੁਸੀਂ ਮਰੋ ਨਾ ਕਿਉਂ ਜੋ ਏਸੇ ਤਰਾਂ ਮੈਨੂੰ ਆਗਿਆ ਹੈ [36]ਸੋ ਹਾਰੂਨ ਅਤੇ ਉਸ ਦੇ ਪੁੱਤਰਾਂ ਨੇ ਉਨ੍ਹਾਂ ਸਭਨਾਂ ਗੱਲਾਂ ਨੂੰ ਜੋ ਯਹੋਵਾਹ ਨੇ ਮੂਸਾ ਦੀ ਰਾਹੀਂ ਆਗਿਆ ਦਿੱਤੀ ਸੀ ਕੀਤਾ।**

ਅਧਿਆਇ ਦੇ ਅੰਤ ਵਿਚ ਮੂਸਾ ਨੇ ''ਹਾਰੂਨ'' ਅਤੇ ''ਉਸ ਦੇ ਪੁੱਤਰਾਂ'' ਨੂੰ ਇਸ ਬਾਬਤ ਹਦਾਇਤਾਂ ਦਿੱਤੀਆਂ ਕਿ ਅਗਲੇ ਸੱਤ ਦਿਨਾਂ ਦੌਰਾਨ ਉਨ੍ਹਾਂ ਨੇ ਕੀ ਕਰਨਾ ਸੀ।

**ਆਇਤਾਂ 31, 32.** ਇਨ੍ਹਾਂ ਦੇ ਅਨੁਸਾਰ ਕੁਰਬਾਨੀਆਂ ਅਤੇ ਯਾਜਕਾਂ ਦੇ ਦੂਜੇ ਮਸਹ ਤੋਂ ਬਾਅਦ, **ਮੂਸਾ ਨੇ ਹਾਰੂਨ** ਨੂੰ ਆਖਿਆ ਕਿ ਕੁਰਬਾਨ ਕੀਤੇ ਜਾਨਵਰ(ਾਂ) ਦਾ **ਮਾਸ ਰਿੰਨ੍ਹੋ** ਅਤੇ ਉਸ ਨੂੰ ਪਤੀਰੀ **ਰੋਟੀ** ਦੇ ਨਾਲ ਖਾਓ, ਜਿਹੜੀ ਸਮਾਰੋਹਾਂ ਦੇ ਦਿਨ ਸ਼ੁਰੂ ਹੋਣ ਤੇ **ਟੋਕਰੀ** ਵਿਚ ਦਿੱਤੀ ਗਈ ਸੀ। ਜੋ **ਹਾਰੂਨ ਅਤੇ ਉਸ ਦੇ ਪੁੱਤਰ** ਨਾ ਖਾਣ ਉਸ ਨੂੰ ਅੱਗ ਵਿਚ ਸਾੜ ਦਿੱਤਾ ਜਾਵੇ ਭਾਵ ਇਸ ਨੂੰ ਅਗਲੇ ਦਿਨ ਤਕ ਨਹੀਂ ਰੱਖਿਆ ਜਾ ਸਕਦਾ ਸੀ।

**ਆਇਤਾਂ 33-36.** ਹੁਣ ਤਕ ਕਈ ਗਤੀਵਿਧੀਆਂ ਦਾ ਪਤਾ ਲੱਗ ਚੁੱਕਿਆ ਸੀ: ਡੇਰੇ ਅਤੇ ਇਸ ਦੀਆਂ ਚੀਜ਼ਾਂ ਨੂੰ ਮਸਹ ਕੀਤਾ ਜਾ ਚੁੱਕਾ ਸੀ, ਹਾਰੂਨ ਅਤੇ ਉਸ ਦੇ ਪੁੱਤਰਾਂ ਨੂੰ ਮਸਹ ਕੀਤਾ ਜਾ ਚੁੱਕਾ ਸੀ, ਤਿੰਨ ਕੁਰਬਾਨੀਆਂ ਦਿੱਤੀਆਂ ਜਾ ਚੁੱਕੀਆਂ ਸਨ, ਅਤੇ ਹਾਰੂਨ ਨੂੰ ਮਾਸ ਖਾਣ ਨਾਲ ਸਬੰਧਿਤ ਹਦਾਇਤਾਂ ਦਿੱਤੀਆਂ ਜਾ ਚੁੱਕੀਆਂ ਸਨ। ਇਸ ਦੇ ਬਾਵਜੂਦ ਅਜੇ ਹੋਰ ਬਹੁਤ ਕੁਝ ਕੀਤਾ ਜਾਣਾ ਬਾਕੀ ਸੀ। ਪਵਿੱਤਰ ਕੀਤੇ ਜਾਣ ਦੀ ਪ੍ਰਕਿਰਿਆ **ਸੱਤ** ਹੋਰ **ਦਿਨ** ਚੱਲਣੀ ਸੀ (8:33; ਵੇਖੋ ਕੂਚ 29:35–37)। ਇਸ ਸਮੇਂ ਦੌਰਾਨ ਯਾਜਕਾਂ ਨੇ ਡੇਰੇ ਦੇ ਅਹਾਤੇ ਦੇ ਅੰਦਰ ਰਹਿਣਾ ਸੀ। ਜੇ ਉਹ ਬਾਹਰ ਨਿੱਕਲ ਜਾਂਦੇ ਤਾਂ ਉਨ੍ਹਾਂ ਉੱਤੇ ਮੌਤ ਦਾ ਖ਼ਤਰਾ ਹੋਣਾ ਸੀ! ਯਾਜਕਾਂ ਨੇ **ਰਾਤ ਦਿਨ** ਡੇਰੇ ਦੀਆਂ ਹੱਦਾਂ ਦੇ ਅੰਦਰ **ਰਹਿਣਾ** ਸੀ (8:35)। ਉਨ੍ਹਾਂ ਹੀ ਰਸਮਾਂ ਦਾ ਪਾਲਣ ਕਰਦਿਆਂ ਹਰ ਰੋਜ਼ ਉਹੀ ਕੁਰਬਾਨੀਆਂ ਦਿੱਤੀਆਂ ਜਾਣੀਆਂ ਸਨ;[17] ਅਤੇ ਯਾਜਕਾਂ ਨੇ ਪਤੀਰੀ ਰੋਟੀ ਦੇ ਨਾਲ ਕੁਰਬਾਨ ਕੀਤੇ ਹੋਏ ਜਾਨਵਰਾਂ ਦਾ ਮਾਸ ਖਾਣਾ ਸੀ।

ਥਾਪਣ ਦਾ ਸਮਾਂ ''ਸੱਤ *[ਹੋਰ]* ਦਿਨ'' ਕਿਉਂ ਚੱਲਣਾ ਸੀ? ਬਾਈਬਲ ਦੱਸਦੀ ਹੈ ਕਿ ਹਾਰੂਨ ਅਤੇ ਉਸ ਦੇ ਪੁੱਤਰਾਂ ਦੀ ਤਰਫ਼ੋਂ **ਪ੍ਰਾਸਚਿਤ** ਕਰਨ ਲਈ ਸੱਤ ਹੋਰ ਦਿਨ ਜ਼ਰੂਰੀ ਸਨ (8:34)। ਯਹੋਵਾਹ ਦੇ ਯਾਜਕਾਂ ਲਈ ਪੂਰੀ ਤਰ੍ਹਾਂ ਨਾਲ ਪਵਿੱਤਰ ਹੋਣਾ ਜ਼ਰੂਰੀ ਸੀ (ਅਤੇ ਇਹ ਪਤਾ ਹੋਣਾ ਜ਼ਰੂਰੀ ਸੀ ਕਿ ਉਹ ਹਨ)। ਸ਼ਾਇਦ ਸੱਤ ਹੋਰ ਵਾਰ ਕੁਰਬਾਨੀਆਂ ਦੁਹਰਾਉਣ ਨਾਲ ਉਹ ਲੋੜ ਪੂਰੀ ਹੋ ਜਾਣੀ ਸੀ। ਇਸ ਤੋਂ ਇਲਾਵਾ ਡੇਰੇ ਦੇ ਅਹਾਤੇ ਦੇ ਅੰਦਰ ਰਹਿਣਾ, ਸਾਰੇ ਇਸਰਾਏਲੀਆਂ ਦੀ ਨਜ਼ਰ ਵਿਚ ਆਉਣਾ, ਇਕ ਹਫ਼ਤੇ ਤਕ ਇਹ ਜ਼ੋਰ ਦਿੰਦਾ ਸੀ ਕਿ ਉਸ ਸਮੇਂ ਤੋਂ ਲੈ ਕੇ ਯਾਜਕ ਦੁਨਿਆਵੀ ਕੰਮ ਤੋਂ ਦੂਰ ਸਨ।[18] ਉਨ੍ਹਾਂ ਨੂੰ ਯਹੋਵਾਹ ਲਈ ਅਰਪਿਤ ਕੀਤਾ ਗਿਆ ਸੀ, ਉਸ ਦੀ ਸੇਵਾ ਲਈ ਦਿੱਤਾ ਗਿਆ ਸੀ ਅਤੇ ਉਨ੍ਹਾਂ ਵੱਲੋਂ ਡੇਰੇ ਦੇ ਅੰਦਰ ਆਪਣੇ ਫ਼ਰਜ਼ ਨਿਭਾਏ ਜਾਣ ਦੌਰਾਨ ਕੌਮ ਵੱਲੋਂ ਸਮਰਥਨ ਮਿਲਣਾ ਜ਼ਰੂਰੀ ਸੀ। ਇਸ ਤੋਂ ਇਲਾਵਾ ਡੇਰੇ ਦੇ ਅਹਾਤੇ ਦੇ ਅੰਦਰ ਰਹਿਣ ਨਾਲ ਇਹ ਯਕੀਨੀ ਬਣਾਉਣ ਵਿਚ ਮਦਦ ਮਿਲਦੀ ਸੀ ਕਿ ਥਾਪੇ ਜਾਣ ਵਾਲੇ ਲੋਕ ਕਿਸੇ ਵੀ ਅਜਿਹੀ ਚੀਜ਼ ਦੇ ਸੰਪਰਕ ਵਿਚ ਨਹੀਂ ਆਉਣਗੇ ਜਿਹੜੀ ਉਸ ਦੌਰਾਨ ਉਨ੍ਹਾਂ ਨੂੰ ਅਸ਼ੁੱਧ ਕਰ ਸਕੇ।

ਸੰਭਵ ਹੈ ਕਿ ਪਰਮੇਸ਼ੁਰ ਉਨ੍ਹਾਂ ਬੰਦਿਆਂ ਨੂੰ ਜਿਨ੍ਹਾਂ ਨੇ ਯਾਜਕਾਂ ਦੇ ਰੂਪ ਵਿਚ ਸੇਵਾ ਕਰਨੀ ਸੀ ਸਮਾਰੋਹ ਦੇ ਮਹੱਤਵ ਅਤੇ ਆਪਣੇ ਕੰਮ ਦੀ ਅਹਿਮੀਅਤ ਉੱਤੇ ਧਿਆਨ ਦੇਣ ਲਈ ਉਨ੍ਹਾਂ ਦੀਆਂ ਸਭ ਸੰਸਾਰਿਕ ਚਿੰਤਾਵਾਂ ਤੋਂ ਦੂਰ ਰਹਿਣ ਦਾ ਸਮਾਂ ਦੇ ਰਿਹਾ ਸੀ। ਉਨ੍ਹਾਂ ਨੂੰ ਬਹੁਤ ਵਧੀਆ ਮੌਕੇ ਮਿਲ ਰਹੇ ਸਨ, ਪਰ ਉਨ੍ਹਾਂ ਮੌਕਿਆਂ ਦੇ ਨਾਲ–ਨਾਲ ਉਨ੍ਹਾਂ ਉੱਤੇ ਜ਼ਿੰਮੇਵਾਰੀਆਂ ਵੀ ਵੱਡੀਆਂ ਸਨ। ਪਰਮੇਸ਼ੁਰ ਦੇ ਪਵਿੱਤਰ ਨੁਮਾਇੰਦਿਆਂ ਵਜੋਂ ਸੇਵਾ ਕਰਦਿਆਂ ਅਤੇ ਪਵਿੱਤਰ ਵਸਤਾਂ ਨਾਲ ਵਿਹਾਰ ਕਰਦਿਆਂ ਉਨ੍ਹਾਂ

ਨੂੰ ਗੰਭੀਰ ਖ਼ਤਰੇ ਵਿਚ ਪਾ ਦਿੱਤਾ, ਜੇ ਉਹ ਪਵਿੱਤਰ ਵਸਤਾਂ ਨਾਲ ਬੁਰਾ ਸਲੂਕ ਕਰਦੇ, ਜਿਵੇਂ ਉਨ੍ਹਾਂ ਵਿੱਚੋਂ ਦੋ ਨੇ ਛੇਤੀ ਹੀ ਉਦਾਹਰਨ ਬਣ ਜਾਣਾ ਸੀ (10:1–3)। ਆਪਣੇ ਥਾਪੇ ਜਾਣ ਦੇ ਸੱਤ ਵਾਧੂ ਦਿਨਾਂ ਦੌਰਾਨ ਉਨ੍ਹਾਂ ਕੋਲ ਸੋਚਣ ਲਈ ਬਹੁਤ ਸਮਾਂ ਸੀ।

ਅਧਿਆਇ **ਹਾਰੂਨ ਅਤੇ ਉਸ ਦੇ ਪੁੱਤਰਾਂ** ਦੇ ਹੁਕਮ ਮੰਨਣ ਉੱਤੇ ਧਿਆਨ ਦੁਆਉਣ ਨਾਲ ਖ਼ਤਮ ਹੁੰਦਾ ਹੈ। ਅਸੀਂ ਪੜ੍ਹਦੇ ਹਾਂ ਕਿ **ਉਨ੍ਹਾਂ ਸਭਨਾਂ ਗੱਲਾਂ ਨੂੰ ਜੋ ਯਹੋਵਾਹ ਨੇ ਮੂਸਾ ਦੀ ਰਾਹੀਂ ਆਗਿਆ ਦਿੱਤੀ ਸੀ ਕੀਤਾ** (8:36)।

## ਪ੍ਰਸੰਗਿਕਤਾ

### ਮਸੀਹੀ ਆਦਮੀ ਦੀ ਪੋਸ਼ਾਕ (ਅਧਿਆਇ 8)

ਕੂਚ 28 ਅਤੇ 39 ਦੇ ਨਾਲ ਲੇਵੀਆਂ 8 ਸਾਨੂੰ ਮੂਸਾ ਦੇ ਨੇਮ ਦੇ ਤਹਿਤ ਯਾਜਕਾਂ ਦੀਆਂ ਪੋਸ਼ਾਕਾਂ ਦੀ ਤਸਵੀਰ ਵਿਖਾਉਂਦਾ ਹੈ। ਪ੍ਰਧਾਨ ਯਾਜਕ ਦੇ ਅੰਗਰਖੇ ਖ਼ੂਬਸੂਰਤ, ਬਾਕਮਾਲ, ਅਤੇ ਮਹਿੰਗੇ ਹੁੰਦੇ ਸਨ। ਦੂਜੇ ਯਾਜਕ ਵੀ ਉਹ ਲਿਬਾਸ ਪਾਉਂਦੇ ਸਨ ਜਿਹੜੇ ਉਨ੍ਹਾਂ ਨੂੰ ਆਮ ਇਸਰਾਏਲੀਆਂ ਨਾਲੋਂ ਫ਼ਰਕ ਕਰਦੇ ਸਨ।

ਭਲਾ ਨਵੇਂ ਨੇਮ ਦੇ ਯੁੱਗ ਵਿਚ ਇਨ੍ਹਾਂ ''ਪੋਸ਼ਾਕਾਂ'' ਦੀ ਨਕਲ ਹੈ? ਸਾਡੇ ਪ੍ਰਧਾਨ ਯਾਜਕ ਮਸੀਹ ਦਾ ਲਿਬਾਸ ਸ਼ਾਨ ਅਤੇ ਜਲਾਲ ਵਾਲਾ ਹੈ, ਉਹ ''ਲਿਬਾਸ'' ਜਿਹੜਾ ਮੂਸਾ ਦੇ ਯੁੱਗ ਦੇ ਪ੍ਰਧਾਨ ਯਾਜਕਾਂ ਵੱਲੋਂ ਪਹਿਨੇ ਜਾਣ ਵਾਲੇ ਲਿਬਾਸਾਂ ਨਾਲੋਂ ਕਿਤੇ ਸੋਹਣਾ ਹੈ। ਸਾਨੂੰ ਇਸ ਜ਼ਿੰਦਗੀ ਵਿਚ ਪੁਰਾਣੇ ਨੇਮ ਦੇ ਯੁੱਗ ਵਾਲੇ ਪ੍ਰਧਾਨ ਯਾਜਕ ਦੇ ਲਿਬਾਸ ਵਰਗਾ ਪਾਉਣ ਦਾ ਮੌਕਾ ਨਹੀਂ ਮਿਲਿਆ। ਪਰ ਮਸੀਹੀ ਲੋਕ ''ਯਾਜਕ'' (1 ਪਤਰਸ 2:5, 9) ਹਨ, ਇਸ ਕਰਕੇ ਭਲਾ ਸਾਨੂੰ ਅਜਿਹਾ ਲਿਬਾਸ ਪਾਉਣਾ ਚਾਹੀਦਾ ਹੈ ਜਿਹੜਾ ਦੂਜਿਆਂ ਦੇ ਲਿਬਾਸ ਨਾਲੋਂ ਫ਼ਰਕ ਹੋਵੇ?

ਬਹੁਤ ਸਾਰੇ ਲੋਕ ਜਿਹੜਾ ਕੰਮ ਕਰਦੇ ਹਨ ਉਸ ਦੀ ਪਛਾਣ ਲਈ ਪੋਸ਼ਾਕਾਂ ਪਾਉਂਦੇ ਹਨ। ਸਿਪਾਹੀ, ਪੁਲਿਸ ਵਾਲੇ, ਅੱਗ ਬੁਝਾਉਣ ਵਾਲੇ, ਹਸਪਤਾਲਾਂ ਵਿਚ ਕੰਮ ਕਰਨ ਵਾਲੇ ਲੋਕ ਅਜਿਹਾ ਕਰਦੇ ਹਨ। ਕੁਝ ਸੰਗਠਨ ਆਪਣੇ ਮੈਂਬਰਾਂ ਨੂੰ ਆਪਣੀਆਂ ਮੀਟਿੰਗਾਂ ਵਿਚ ਵਰਦੀ ਪਾਉਣ ਲਈ ਆਖਦੇ ਹਨ। ਵਿਦਿਆਰਥੀਆਂ ਨੂੰ ਸਕੂਲ ਦੀ ਵਰਦੀ ਪਾਉਣ ਲਈ ਆਖਿਆ ਜਾ ਸਕਦਾ ਹੈ। ਕੁਝ ਧਰਮਾਂ ਵਿਚ ਖ਼ਾਸ ਤਰ੍ਹਾਂ ਦੇ ਲਿਬਾਸ ਪਾਉਣੇ ਜ਼ਰੂਰੀ ਹੁੰਦੇ ਹਨ, ਜਿਵੇਂ ਬੁਰਕਾ ਜਾਂ ਸਿਰ ਢੱਕਣਾ ਆਦਿ। ਪੁਰਾਣੇ ਜ਼ਮਾਨੇ ਦੇ ਕੱਟੜਵਾਦੀ ਅਤੇ ਅੱਜ ਦੇ ਸਮੇਂ ਦੇ ਅਮੀਸ਼ (ਮੈਨੋਨਾਈਟ ਫ਼ਿਰਕੇ ਦੇ ਲੋਕ) ਆਪਣੇ ਗੁਆਂਢੀਆਂ ਨਾਲੋਂ ਫ਼ਰਕ ਲਿਬਾਸ ਪਾਉਣ ਲਈ ਪ੍ਰਸਿੱਧ ਹਨ।

ਭਲਾ ਬਾਈਬਲ ਮਸੀਹੀ ਲੋਕਾਂ ਨੂੰ ਬਾਕੀਆਂ ਨਾਲੋਂ ਫ਼ਰਕ ਕਿਸੇ ਖ਼ਾਸ ਤਰ੍ਹਾਂ ਦੀ ਪੋਸ਼ਾਕ ਪਹਿਨਣ ਲਈ ਆਖਦੀ ਹੈ? ਇਸ ਸਵਾਲ ਦਾ ਜਵਾਬ ਹੈ ਕਿ ''ਨਹੀਂ।'' ਨਵਾਂ ਨੇਮ ਮਸੀਹੀ ਲੋਕਾਂ ਨੂੰ ਸਾਦਗੀ ਵਾਲੇ ਕੱਪੜੇ ਪਾਉਣ ਲਈ ਤਾਂ ਆਖਦਾ ਹੈ ਅਤੇ ਗਹਿਣੇ ਪਾਉਣ ਉੱਤੇ ਜ਼ਿਆਦਾ ਜ਼ੋਰ ਨਾ ਦੇਣ ਲਈ ਆਖਦਾ ਹੈ, ਪਰ ਇਹ, ਇਹ ਨਹੀਂ ਆਖਦਾ ਕਿ ਮਸੀਹੀ ਲੋਕ ਇੱਕੋ ਜਿਹੇ ਕੱਪੜੇ ਪਾਉਣ ਜਾਂ ਕਿਸੇ ਖ਼ਾਸ ਤਰ੍ਹਾਂ ਦਾ ਲਿਬਾਸ ਪਾਉਣ ਜਿਸ ਨਾਲ ਕੋਈ ਉਨ੍ਹਾਂ ਨੂੰ ਇਕਦਮ ਵੇਖ ਕੇ ਪਹਿਚਾਨ ਸਕੇ ਕਿ ਉਹ ਮਸੀਹ ਦੇ ਚੇਲੇ ਹਨ।

ਪਰ ਨਵਾਂ ਨੇਮ ਇਸ ਬਾਰੇ ਜ਼ਰੂਰ ਆਖਦਾ ਹੈ ਕਿ ਮਸੀਹੀ ਲੋਕ ਕੀ ''ਪਹਿਨਣ।'' ਉਦਾਹਰਣ ਲਈ ਇਹ ਸਾਨੂੰ ''ਪਰਮੇਸ਼ੁਰ ਦੇ ਸਾਰੇ ਸ਼ੱਸ਼ਤਰ ਬਸਤਰ ਧਾਰ'' ਲੈਣ ਲਈ ਆਖਦਾ ਹੈ ਜਿਨ੍ਹਾਂ ਵਿਚ ''ਸਚਿਆਈ,'' ''ਧਰਮ,'' ''ਮਿਲਾਪ ਦੀ ਖੁਸ਼ਖ਼ਬਰੀ,'' ''ਨਿਹਚਾ,'' ''ਮੁਕਤੀ,'' ਅਤੇ ''ਆਤਮਾ ਦੀ ਤਲਵਾਰ ਜੋ ਪਰਮੇਸ਼ੁਰ ਦੀ ਬਾਣੀ ਹੈ'' ਸ਼ਾਮਿਲ ਹਨ (ਅਫ਼ਸੀਆਂ 6:10–17)। ਇਹ

ਦੱਸਦਾ ਹੈ ਕਿ ਅਸੀਂ ''ਨਵੀਂ ਇਨਸਾਨੀਅਤ ਨੂੰ ਪਹਿਨ'' ਲਿਆ ਹੈ ਇਸ ਕਰਕੇ ਸਾਨੂੰ (ਲਿਬਾਸ ਨੂੰ ਪਹਿਨਣ ਵਾਂਗ) ''ਰਹਿਮਦਿਲੀ ਦਿਆਲਗੀ, ਅਧੀਨਗੀ, ਨਰਮਾਈ ਅਤੇ ਧੀਰਜ'' ਨੂੰ ''ਪਹਿਨ'' ਕੇ ਸ਼ਹਿਨਸ਼ੀਲਤਾ ਅਤੇ ਮਾਫ਼ੀ ਨੂੰ ਵਿਖਾਉਣਾ, ਸ਼ਾਂਤੀ ਨੂੰ ਮਾਨਣਾ ਅਤੇ ਸ਼ੁਕਰਗੁਜ਼ਾਰੀ ਨੂੰ ਵਿਖਾਉਣਾ ਚਾਹੀਦਾ ਹੈ (ਕੁਲੁੱਸੀਆਂ 3:12–15)।

ਇਕ ਅਰਥ ਵਿਚ ਮਸੀਹੀ ਵਿਅਕਤੀ ਲਈ ਪਹਿਨਣ ਲਈ ਪੋਸ਼ਾਕ ਹੈ। ਜਦੋਂ ਉਹ ਬਪਤਿਸਮਾ ਲੈ ਕੇ ਮਸੀਹੀ ਬਣ ਜਾਂਦਾ ਹੈ ਤਾਂ ਉਹ ਮਸੀਹ ਨੂੰ ਪਹਿਨ ਲੈਂਦਾ ਹੈ (ਗਲਾਤੀਆਂ 3:26, 27)। ਉਹਦੇ ਲਈ ਉਨ੍ਹਾਂ ਗੁਣਾਂ ਨੂੰ ਅਪਣਾ ਕੇ (ਜਿਹੜੇ ਉੱਪਰ ਦੱਸੇ ਗਏ ਹਨ), ''ਮਸੀਹ ਨੂੰ ਪਹਿਨਣਾ'' ਜ਼ਰੂਰੀ ਹੈ। ਇਸ ਨਾਲ ਲੋਕਾਂ ਨੂੰ ਪਤਾ ਲੱਗ ਜਾਵੇਗਾ ਕਿ ਉਹ ਸਚਮੁਚ ਮਸੀਹ ਦਾ ਚੇਲਾ ਹੈ।

ਨਵਾਂ ਨੇਮ ਭਾਵੇਂ ਇਸ ਜ਼ਿੰਦਗੀ ਵਿਚ ਮਸੀਹੀ ਲੋਕਾਂ ਵੱਲੋਂ ਪਹਿਨੇ ਜਾਣ ਲਈ ਕੋਈ ਖ਼ਾਸ ਲਿਬਾਸ ਨਹੀਂ ਦੱਸਦਾ, ਪਰ ਸਾਨੂੰ ਇਹ ਖੁਸ਼ਖ਼ਬਰੀ ਦਿੱਤੀ ਗਈ ਹੈ ਕਿ ਜਿਹੜੇ ਲੋਕ ਵਫ਼ਾਦਰ ਰਹਿੰਦੇ ਹਨ ਉਨ੍ਹਾਂ ਨੂੰ ਅਗਲੀ ਜ਼ਿੰਦਗੀ ਵਿਚ ਲਿਬਾਸ (ਪਰਕਾਸ਼ ਦੀ ਪੋਥੀ 3:5) ਅਤੇ ਤਾਜ (2 ਤਿਮੋਥਿਉਸ 4:7, 8) ਮਿਲਣ ਵਾਲਾ ਹੈ। ਸਾਨੂੰ ਆਪਣੇ ਪ੍ਰਧਾਨ ਯਾਜਕ ਦੇ ਜਲਾਲ ਵਿਚ ਸ਼ਾਮਿਲ ਹੋਣ ਦਾ ਮੌਕਾ ਮਿਲੇਗਾ, ਕਿਉਂ ਜੋ ਅਸੀਂ ਯਿਸੂ ਮਸੀਹ ਦੇ ਨਾਲ ਉਸ ਦੇ ਤਖ਼ਤ ਉੱਤੇ ਬੈਠਾਂਗੇ (ਪਰਕਾਸ਼ ਦੀ ਪੋਥੀ 3:21)। ਜੇ ਅਸੀਂ ਧਰਤੀ ਉੱਤੇ ਇਸ ''ਪੋਸ਼ਾਕ'' ਨੂੰ ਪਹਿਨ ਲੈਂਦੇ ਤਾਂ ਸਾਡੇ ਵਾਸਤੇ ਸੁਰਗ ਵਿਚ ਕਿੰਨੀ ਜਲਾਲੀ ਉਮੀਦ ਹੈ!

**ਕਲੀਸੀਆ ਦੇ ਆਗੂ ਦੀ ਪਹਿਲੀ ਜ਼ਿੰਮੇਵਾਰੀ (ਅਧਿਆਇ 8)**

ਇੰਜੀਲ ਦੇ ਸੇਵਕਾਂ ਵਰਗੇ, ਕਲੀਸੀਆ ਦੇ ਆਗੂਆਂ ਲਈ ਪਰਮੇਸ਼ੁਰ ਦੇ ਵਚਨ ਦੀ ਗੱਲ ਮੰਨ ਕੇ ਪਰਮੇਸ਼ੁਰ ਦੀ ਇੱਛਾ ਨੂੰ ਪੂਰਾ ਕਰਨ ਦੀ ਵੱਡੀ ਚਿੰਤਾ ਹੋਣੀ ਜ਼ਰੂਰੀ ਹੈ; ਪਰ ਉਨ੍ਹਾਂ ਦੀ ਜ਼ਿੰਮੇਵਾਰੀ ਬਾਰੇ ਪਰਮੇਸ਼ੁਰ ਦਾ ਵਚਨ ਕੀ ਆਖਦਾ ਹੈ? ਸਾਫ਼ ਹੈ ਕਿ ਉਨ੍ਹਾਂ ਨੂੰ ਪਰਮੇਸ਼ੁਰ ਦੇ ਇੱਜੜ ਭਾਵ ਪਰਮੇਸ਼ੁਰ ਦੇ ਲੋਕਾਂ ਨੂੰ ਕਲੀਸੀਆ ਦੀ ਚਿੰਤਾ ਹੋਣੀ ਜ਼ਰੂਰੀ ਹੈ। ਪਰ ਉਨ੍ਹਾਂ ਦੀ ਪਹਿਲੀ ਜ਼ਿੰਮੇਵਾਰੀ ਇਹ ਯਕੀਨੀ ਬਨਾਉਣਾ ਜ਼ਰੂਰੀ ਹੈ ਕਿ ਉਹ ਆਪ ਪਰਮੇਸ਼ੁਰ ਦੇ ਨਾਲ ਸਹੀ ਹਨ। ਅਫ਼ਸੁਸ ਦੇ ਐਲਡਰਾਂ ਨਾਲ ਗੱਲ ਕਰਦਿਆਂ ਪੌਲੁਸ ਨੇ ਆਖਿਆ, ''ਤੁਸੀਂ ਆਪਣੀ *[ਪਹਿਲਾਂ]*, ਨਾਲੇ ਉਸ ਸਾਰੇ ਇੱਜੜ *[ਬਾਅਦ ਵਿਚ]* ਦੀ ਖ਼ਬਰਦਾਰੀ ਕਰੋ'' (ਰਸੂਲਾਂ ਦੇ ਕਰਤੱਬ 20:28; NKJV)। ਕਲੀਸੀਆ ਦੇ ਆਗੂ ਵੱਲੋਂ ਇੱਜੜ ਦੀ ਦੇਖਭਾਲ ਕਰਨ ਤੋਂ ਪਹਿਲਾਂ ਇਹ ਯਕੀਨੀ ਬਣਾਇਆ ਜਾਣਾ ਜ਼ਰੂਰੀ ਹੈ ਕਿ ਉਹ ਪਰਮੇਸ਼ੁਰ ਦੇ ਨਾਲ ਆਪ ਸਹੀ ਹੋਵੇ!

ਪੁਰਾਣੇ ਨੇਮ ਦੇ ਯਾਜਕਾਂ ਲਈ ਮੂਸਾ ਵੱਲੋਂ ਦਿੱਤੇ ਕੁਰਬਾਨੀ ਦੇ ਸਿਸਟਮ ਦੇ ਰਾਹੀਂ ਦੂਜਿਆਂ ਨੂੰ ਸ਼ੁੱਧ ਹੋਣ ਵਿਚ ਮਦਦ ਕਰਨ ਤੋਂ ਪਹਿਲਾਂ ਆਪਣੇ ਆਪ ਨੂੰ ਸ਼ੁੱਧ ਕਰਨਾ ਜ਼ਰੂਰੀ ਸੀ। ਇਸੇ ਤਰ੍ਹਾਂ ਨਾਲ ਅੱਜ ਕਲੀਸੀਆ ਦੇ ਆਗੂਆਂ ਲਈ ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਇਸ ਤੋਂ ਪਹਿਲਾਂ ਕਿ ਉਹ ਦੂਜਿਆਂ ਤਕ ਮੁਕਤੀ ਦੀ ਖੁਸ਼ਖ਼ਬਰੀ ਲਿਜਾਣ ਦੀ ਕੋਸ਼ਿਸ਼ ਕਰਨ, ਪਹਿਲਾਂ ਇਹ ਯਕੀਨੀ ਬਣਾ ਲੈਣ ਕਿ ਉਹ ਮਸੀਹ ਦੇ ਲਹੂ ਦੇ ਰਾਹੀਂ ਧੋਤੇ ਗਏ ਹਨ ਅਤੇ ਪਰਮੇਸ਼ੁਰ ਦੇ ਵਚਨ ਦੀ ਰੌਸ਼ਨੀ ਵਿਚ ਚੱਲ ਰਹੇ ਹਨ (1 ਯੂਹੰਨਾ 1:7)।

---

ਟਿੱਪਣੀਆਂ

[1]ਲੇਵੀਆਂ ਦੀ ਪੋਥੀ ਦਾ ਵਿਰਤਾਂਤ ਵਾਲਾ ਇੱਕੋ ਇਕ ਹੋਰ ਭਾਗ 24:10–23 ਵਿਚ ਮਿਲਦਾ ਹੈ। ਇਨ੍ਹਾਂ ਭਾਗਾਂ ਵਿਚ ਕੂਚ ਦੀ ਕਹਾਣੀ ਨੂੰ ਅੱਗੇ ਦੱਸਿਆ ਗਿਆ ਹੈ। [2]ਕੂਚ 29 ਅਤੇ ਲੇਵੀਆਂ 8 ਦੀ ਇਕ

ਤੁਲਨਾ ਲਈ ਕੋਏ ਡੀ. ਰੋਪਰ, *ਕੂਚ*, ਟਰੁੱਥ ਫ਼ਾਰ ਟੁਡੇ ਕਮੈਂਟਰੀ (ਸਰਸੀ, ਆਰਕੈਂਸਾ: ਰਿਸੋਰਸ ਪਬਲੀਕੇਸ਼ੰਜ਼ 2008), 475 ਵਿਚ ਚਾਰਟ ਵੇਖੋ। [3]ਇਸ ਵਚਨ ਦੇ ਅਨੁਸਾਰ ਮੂਸਾ ਨੇ ਯਾਜਕਾਈ ਦੇ ਕੰਮਾਂ ਨੂੰ ਨਿਭਾਇਆ। ਉਸ ਨੂੰ ਨਬੀ ਵੀ ਮੰਨਿਆ ਜਾਂਦਾ ਸੀ ਅਤੇ ਉਹ ਇਸਰਾਏਲ ਦਾ ਆਗੂ ਵੀ ਸੀ, ਜਿਸ ਦੀ ਅਗਵਾਈ ਕਿਸੇ ਹੱਦ ਤਕ ਰਾਜੇ ਦੀ ਅਗਵਾਈ ਵਰਗੀ ਹੀ ਹੈ। ਇਹਦਾ ਮਤਲਬ ਇਹ ਹੋਇਆ ਕਿ ਇਕ ਅਰਥ ਵਿਚ ਮੂਸਾ ਨਬੀ, ਯਾਜਕ ਅਤੇ ਰਾਜੇ ਦੇ ਰੂਪ ਵਿਚ ਕੰਮ ਕਰਦਾ ਸੀ, ਬਿਲਕੁਲ ਉਵੇਂ ਹੀ ਜਿਵੇਂ ਯਿਸੂ ਕਰਦਾ ਹੈ। [4]ਟੀਕਾਕਾਰਾਂ ਨੇ ਸੁਝਾਅ ਦਿੱਤਾ ਹੈ ਕਿ ਸਾਰੀ ਮੰਡਲੀ ਦੇ ਨੁਮਾਇੰਦੇ ਉਸ ਮੌਕੇ ਤੇ ਇਕੱਠੇ ਹੋਏ। ਇਕ ਸਭਾ ਵਿਚ ਇਕੱਠੇ ਹੋਣ ਲਈ ਮਿਸਰ ਤੋਂ ਨਿਕਲਣ ਵਾਲੇ ਹਜ਼ਾਰਾਂ ਲੋਕਾਂ ਲਈ ਇਹ ਮੁਸ਼ਕਿਲ ਹੋਇਆ ਹੋਵੇਗਾ। [5]ਇਨ੍ਹਾਂ ਯਾਜਕਾਈ ਵਸਤਰਾਂ ਦੀ ਵਧੇਰੇ ਜਾਣਕਾਰੀ, ਰੋਪਰ, 457–67 ਵਿਚ ਦਿੱਤੀ ਗਈ ਹੈ। [6]ਪੂਰਾ–ਪੂਰਾ ਤਾਂ ਮੇਲ ਨਹੀਂ ਖਾਂਦਾ ਪਰ ਇਹ ਤੱਥ ਕਿ ਪ੍ਰਧਾਨ ਯਾਜਕ ਦਾ ਚੋਗਾ ਅਣਸਿਲਿਆ ਸੀ, ਇਸ ਗੱਲ ਨੂੰ ਯਾਦ ਦੁਆਉਂਦਾ ਹੈ ਕਿ ਸਲੀਬ ਉੱਤੇ ਆਪਣੀ ਮੌਤ ਤੋਂ ਪਹਿਲਾਂ ਯਿਸੂ ਵੱਲੋਂ ਪਹਿਨਿਆ ਗਿਆ ਚੋਗਾ ''ਸੀਤੇ ਬਿਨਾਂ ਉੱਪਰੋਂ ਸਾਰਾ ਬੁਣਿਆ ਹੋਇਆ ਸੀ'' (ਯੂਹੰਨਾ 19:23)। ਨਵੇਂ ਨੇਮ ਦੇ ਮੁਤਾਬਿਕ ਯਿਸੂ ਸਾਡਾ ਪ੍ਰਧਾਨ ਯਾਜਕ ਹੈ (ਇਬਰਾਨੀਆਂ 8:1)। [7]''ਏਫੋਦ'' ਸ਼ਬਦ ਦੀ ਵਰਤੋਂ ਹੋਰ ਤਰੀਕਿਆਂ ਨਾਲ ਪੁਰਾਣੇ ਨੇਮ ਵਿਚ ਵੀ ਹੋਈ ਹੈ। ਉਦਾਹਰਣ ਲਈ ਇਸ ਦੀ ਵਰਤੋਂ ਬੁੱਤਪ੍ਰਸਤ ਰੀਤਾਂ ਦੇ ਸਬੰਧ ਵਿਚ ਹੋਈ ਹੈ (ਨਿਆਈਆਂ 8:22–27; 17:1–5; 18:14–20, 27, 30, 31; 1 ਸਮੂਏਲ 21:9)। (*ਮਰਸਰ ਡਿਕਸ਼ਨਰੀ ਆਫ਼ ਦ ਬਾਈਬਲ*, ਸੰਪਾ. ਵਾਟਸਨ ਈ. ਮਿਲਸ [ਮੈਕਨ, ਜੌਰਜੀਆ: ਮਰਸਰ ਯੂਨੀਵਰਸਿਟੀ ਪ੍ਰੈੱਸ, 1990], 256 ਵਿਚ ਜੌਨ ਐੱਚ. ਹੇਜ਼, ''ਐਫ਼ੋਡ'')। [8]ਬਰੂਚ ਏ. ਲੇਵਾਈਨ, *ਲੇਵੀਆਂ ਦੀ ਪੋਥੀ*, ਦ ਜੇਪੀਐੱਸ ਟੋਰਾਹ ਕਮੈਂਟਰੀ (ਫ਼ਿਲਾਡੈਲਫ਼ੀਆ: ਜਿਉਇਸ਼ ਪਬਲੀਕੇਸ਼ਨ ਸੋਸਾਇਟੀ, 1989), 50. [9]''ਊਰੀਮ'' ਅਤੇ ''ਤੁੰਮੀਮ'' ਨੂੰ ''ਰੌਸ਼ਨੀਆਂ'' ਅਤੇ ''ਸੰਪੂਰਣਤਾਵਾਂ'' ਦੇ ਅਰਥ ਵਿਚ ਮੰਨਿਆ ਜਾਂਦਾ ਹੈ। ਜਿਵੇਂ ਆਰ. ਲੇਅਰਡ ਹੈਰਿਸ ਵੱਲੋਂ ਦੱਸਿਆ ਗਿਆ ਹੈ, ਹੋਰ ਸੰਭਾਵਨਾਵਾਂ ''ਪਹਿਲਾ'' ਅਤੇ ''ਆਖ਼ਰੀ'' ਵਰਗੀ ਕਿਸੇ ਚੀਜ਼ ਦੇ ਨਾਲ ਨਾਲ ''ਸਰਾਪ'' ਅਤੇ ''ਸੰਪੂਰਣਤਾਵਾਂ'' ਹਨ। ਕਿਉਂ ਜੋ ''ਊਰੀਮ'' ਲਈ ਇਬਰਾਨੀ ਸ਼ਬਦ ਦਾ ਸਬੰਧ ਇਬਰਾਨੀ ਵਰਣਮਾਲਾ ਦੇ ਪਹਿਲੇ ਅੱਖਰ ਦੇ ਨਾਲ ਅਤੇ ਤੁਮੀਮ ਦਾ ਅਰੰਭ ਵਰਣਮਾਲਾ ਦੇ ਆਖ਼ਰੀ ਅੱਖਰ ਨਾਲ ਹੁੰਦਾ ਹੈ। ਇਹ ਇਸ ਗੱਲ ਦਾ ਸੁਝਾਅ ਦਏਗਾ ਕਿ ਉਹ ਸਭ ਸੰਭਾਵਨਾਵਾਂ ਦੇ ਵਿੱਚੋਂ ਸਹੀ ਜਵਾਬ ਜ਼ਾਹਿਰ ਕਰਦੇ ਸਨ। ਹੈਰਿਸ ਨੇ ਇਹ ਨਿਚੋੜ ਕੱਢਿਆ ਕਿ ਉਹ ''ਯਹੋਵਾਹ ਦੀ ਇੱਛਾ ਨੂੰ ਤੈਅ ਕਰਨ ਵਿਚ ਵਰਤੇ ਜਾਣ ਵਾਲੇ ਏਫ਼ੋਦ ਦੀਆਂ ਚੀਜ਼ਾਂ'' ਸਨ ''ਜੋ ਸੰਭਵ ਤੌਰ ਤੇ ਪਵਿੱਤਰ ਕਿਸਮ ਦੀਆਂ ਸਨ ਅਤੇ ਉਨ੍ਹਾਂ ਦੀ ਕੀਮਤ ਖ਼ੁਦਾ ਦੇ ਯਾਜਕ ਵੱਲੋਂ ਉਨ੍ਹਾਂ ਦੀ ਵਰਤੋਂ ਕੀਤੇ ਜਾਣ ਵਾਲੇ ਖ਼ੁਦਾ ਵੱਲੋਂ ਮੁਹੱਈਆ ਕਰਵਾਏ ਗਏ ਵਿਹਾਰ ਤੋਂ ਮਿਲਦੀ ਸੀ (ਕਹਾਉਤਾਂ 16:33)'' (*ਦ ਐਕਸਪੋਜ਼ਿਟਰ'ਜ਼ ਬਾਈਬਲ ਕਮੈਂਟਰੀ,* ਜਿਲਦ 2, *ਉਤਪਤ–ਗਿਣਤੀ*, ਸੰਪਾ. ਫ਼੍ਰੈਂਕ ਈ. ਗੇਬਲਾਇਨ [ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1990], 552–63 ਵਿਚ ਆਰ. ਲੇਅਰਡ ਹੈਰਿਸ, ''ਲੇਵਿਟਿਕਸ'')। ਇਕ ਹੋਰ ਲੇਖਕ ਨੇ ਦਾਅਵਾ ਕੀਤਾ ਕਿ ''ਊਰੀਮ'' ਅਤੇ ''ਤੁੰਮੀਮ'' ਨੂੰ ''ਹਾਂ'' ਅਤੇ ''ਨਾ'' ਦੇ ਅਰਥ ਵਾਲੇ ਦੋ ਇਬਰਾਨੀ ਸ਼ਬਦਾਂ ਨਾਲ ਜੋੜਿਆ ਜਾ ਸਕਦਾ ਸੀ। (ਜੌਰਜ ਏ. ਐੱਫ਼. ਨਾਈਟ, *ਲੇਵੀਆਂ ਦੀ ਪੋਥੀ*, ਦ ਡੇਅਲੀ ਸਟੱਡੀ ਬਾਈਬਲ [ਫ਼ਿਲਾਡੈਲਫ਼ੀਆ: ਵੈਸਟਮਿੰਸਟਰ ਪ੍ਰੈੱਸ, 1981], 50.) [10]ਕਲਾਈਡ ਐੱਮ. ਵੂਡਸ, *ਲੇਵੀਆਂ ਦੀ ਪੋਥੀ–ਗਿਣਤੀ–ਬਿਵਸਥਾ ਸਾਰ*, ਦ ਲਿਵਿੰਗ ਵੇ ਕਮੈਂਟਰੀ ਆਨ ਦ ਓਲਡ ਟੈਸਟਾਮੈਂਟ, ਜਿਲਦ 2 (ਸ਼ਰੇਵੇਪੋਰਟ, ਲੁਇਸਿਆਨਾ: ਲੈਂਬਰਟ ਬੁਕ ਹਾਊਸ, 1974), 20.

[11]NASB ਵਿਚ 8:10 ਵਿਚ ਜਿੱਥੇ ਮੂਸਾ ਨੇ ''ਉਨ੍ਹਾਂ ਨੂੰ ਅਰਪਣ ਕੀਤਾ'' ਹੈ, ਉੱਥੇ ਗੋਰਡਨ ਜੇ. ਵੈਨਹਮ ਨੇ ''ਉਨ੍ਹਾਂ ਨੂੰ ਪਵਿੱਤਰ ਕੀਤਾ'' ਸ਼ਬਦਾਂ ਦੀ ਵਰਤੋਂ ਕੀਤੀ। (ਗੋਰਡਨ ਜੇ. ਵੈਨਹਮ, *ਦ ਬੁਕ ਆਫ਼ ਲੇਵੀਆਂ ਦੀ ਪੋਥੀ*, ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦ ਓਲਡ ਟੈਸਟਾਮੈਂਟ [ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1979], 135.) CEV ਵਿਚ ਹੈ ''ਮੂਸਾ ਨੇ ਪਵਿੱਤਰ

ਤੰਬੂ ਨੂੰ ਥਾਪੇ ਜਾਣ ਦਾ ਕੁਝ ਤੇਲ ਇਸ ਉੱਤੇ ਛਿੜਕ ਕੇ ਯਹੋਵਾਹ ਲਈ ਸਮਰਪਿਤ ਕੀਤਾ,'' ਜੋ ''ਅਰਪਿਤ ਕੀਤਾ'' ਨੂੰ ''ਯਹੋਵਾਹ ਲਈ ਸਮਰਪਿਤ ਕੀਤਾ'' ਨਾਲ ਮਿਲਾ ਦਿੰਦਾ ਹੈ। [12]ਹਾਰੂਨ ਦੇ ਸਭ ਪੁੱਤਰ ਅਤੇ ਨਰ ਸੰਤਾਨ ਯਾਜਕਾਂ ਦੇ ਰੂਪ ਵਿਚ ਸੇਵਾ ਕਰਨ ਦੇ ਹੱਕਦਾਰ ਸਨ, ਪਰ ਪ੍ਰਧਾਨ ਯਾਜਕ ਦੇ ਰੂਪ ਵਿਚ ਸਿਰਫ਼ ਇੱਕੋ ਵਾਰ ਸੇਵਾ ਕਰ ਸਕਦੇ ਸਨ। ਪ੍ਰਧਾਨ ਯਾਜਕਾਈ ਪਿਤਾ ਤੋਂ ਪੁੱਤਰ ਨੂੰ ਮਿਲਣ ਦੇ ਨਾਲ ਵਿਰਾਸਤੀ ਅਹੁਦਾ ਬਣ ਗਈ। ਹਾਰੂਨ ਦੀ ਜਗ੍ਹਾ ਉਸ ਦਾ ਪੁੱਤਰ ਅਲਆਜ਼ਾਰ ਪ੍ਰਧਾਨ ਯਾਜਕ ਬਣਿਆ (ਗਿਣਤੀ 20:23–29) ਅਤੇ ਅਲਆਜ਼ਾਰ ਦੀ ਥਾਂ ਉਸ ਦਾ ਪੁੱਤਰ ਫ਼ੀਨਹਾਸ ਬਣਿਆ (ਗਿਣਤੀ 25:1–13)। [13]ਇਸ ਸੰਦਰਭ ਵਿਚ ਬਾਕੀ ਦੇ ਬਲਦ ਬਾਰੇ, ਭਾਵ ਉਸ ਮਾਸ ਬਾਰੇ ਜੋ ਆਮ ਤੌਰ ਤੇ ਯਾਜਕਾਂ ਵੱਲੋਂ ਖਾ ਲਿਆ ਜਾਂਦਾ ਸੀ, ਕੁਝ ਵੀ ਨਹੀਂ ਕਿਹਾ ਗਿਆ। ਇਹ ਮੰਨ ਲਿਆ ਜਾਂਦਾ ਹੈ ਕਿ ਬਲਦ ਦੇ ਇਸ ਹਿੱਸੇ ਤੋਂ ਮੀਟ ਦਾ ਘੱਟੋ–ਘੱਟ ਉਹ ਹਿੱਸਾ ਮਿਲ ਜਾਂਦਾ ਸੀ ਜਿਹੜਾ ਹਾਰੂਨ ਅਤੇ ਉਸ ਦੇ ਪੁੱਤਰਾਂ ਵੱਲੋਂ ਬਾਅਦ ਵਿਚ ਉਬਾਲ ਕੇ ਖਾ ਲਿਆ ਗਿਆ (8:31)। [14]ਆਰ. ਕੇ. ਹੈਰਿਸਨ, *ਲੇਵੀਆਂ ਦੀ ਪੋਥੀ*, ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਉਨਰਜ਼ ਗ੍ਰੋਵ, ਇਲਿਨੋਇਃ ਇੰਟਰ–ਵਰਸਿਟੀ ਪ੍ਰੈੱਸ, 1980), 100. [15]ਹੈਰਿਸ, 563. [16]ਕੁਰਬਾਨੀ ਦੇ ਲਹੂ ਨੂੰ ਮਸਹ ਦੇ ਤੇਲ ਨਾਲ ਮਿਲਾਉਣਾ ਇਸ ਗੱਲ ਦਾ ਸੰਕੇਤ ਸੀ ਕਿ ਲਹੂ ਦੇ ਪ੍ਰਾਸਚਿਤ ਦਾ ਯਾਜਕਾਂ ਦੇ ਠਹਿਰਾਏ ਜਾਣ ਦਾ ਜ਼ਰੂਰੀ ਹਿੱਸਾ ਸੀ। [17]''ਆਇਤ 35 ਇਹ ਸੰਕੇਤ ਦਿੰਦੀ ਹੈ ਕਿ ਅਗਲੇ ਸੱਤ ਦਿਨ ਰੋਜ਼ ਮੂਸਾ ਦੇ ਹਾਰੂਨ ਅਤੇ ਉਸ ਦੇ ਪੁੱਤਰਾਂ ਨੂੰ ਪਵਿੱਤਰ ਕੀਤੇ ਜਾਣ ਦੇ ਉਸ ਵੱਡੇ ਸਮਾਰੋਹ ਦੀ ਪਛਾਣ ਸੀ'' (ਹੈਰਿਸਨ, 102)। [18]ਉੱਥੇ ਹੀ।